ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 18 * Issue 79
Daily Newspaper Wednesday, April 24, 2019
Tel: 905-793-2202 Fax: 905-793-2282 news@punjabipost.ca

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

## ਪ੍ਰੋਵਿੰਸ਼ੀਅਲ ਚੋਣ ਦ੍ਰਿਸ਼

# ਪ੍ਰਿੰਸ ਐਡਵਰਡ ਆਈਲੈਂਡ ਵਿੱਚ ਵਿਰੋਧੀਆਂ ਦੇ ਮੁਕਾਬਲੇ ਅੱਗੇ ਚੱਲ ਰਹੇ ਹਨ ਟੋਰੀਜ਼

### ਗ੍ਰੀਨ ਪਾਰਟੀ ਕਰ ਸਕਦੀ ਹੈ ਵੱਡਾ ਉਲਟਫੇਰ



ਸ਼ਾਰਲਟਟਾਊਨ, 23 ਅਪਰੈਲ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਚੋਣਾਂ ਤੋਂ ਬਾਅਦ ਪ੍ਰਿੰਸ ਐਡਵਰਡ ਆਈਲੈਂਡ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੂੰ ਆਪਣੇ ਵਿਰੋਧੀਆਂ ਦੇ ਮੁਕਾਬਲੇ ਹਾਲ ਦੀ ਘੜੀ ਥੋੜ੍ਹੀ ਲੀਡ ਮਿਲੀ ਹੋਈ ਹੈ। ਇਸ ਸਮੇਂ ਵੋਟਾਂ ਦੀ ਗਿਣਤੀ ਚੱਲ ਰਹੀ ਹੈ ਤੇ ਇਸ ਵਾਰੀ ਗ੍ਰੀਨ ਪਾਰਟੀ ਦੇ ਉਭਰਨ ਦੀ ਸੰਭਾਵਨਾ ਵੀ ਬਣੀ ਹੋਈ ਹੈ।

ਮੰਗਲਵਾਰ ਨੂੰ ਵੋਟਿੰਗ ਬੰਦ ਹੋਣ ਤੋਂ ਇੱਕ ਘੰਟੇ ਬਾਅਦ ਵੋਟਾਂ ਦੀ ਸ਼ੁਰੂ ਹੋਈ ਗਿਣਤੀ ਵਿੱਚ ਟੋਰੀਜ਼ 11 ਹਲਕਿਆਂ ਵਿੱਚ ਅੱਗੇ ਚੱਲ ਰਹੇ ਸਨ, ਦੂਜੀ ਥਾਂ ਉੱਤੇ ਨੌਂ ਹਲਕਿਆਂ ਵਿੱਚ ਗ੍ਰੀਨ ਪਾਰਟੀ ਅੱਗੇ ਸੀ ਤੇ ਛੇ ਥਾਂਵਾਂ ਤੋਂ ਲਿਬਰਲਾਂ ਨੂੰ ਲੀਡ ਮਿਲੀ ਹੋਈ ਸੀ। ਅਗਸਤ ਤੋਂ ਹੀ ਓਪੀਨੀਅਨ ਪੋਲਜ਼ ਵਿੱਚ ਇਹ ਰੁਝਾਨ ਸਾਹਮਣੇ ਆਇਆ ਕਿ ਪਿਛਲੇ 100 ਸਾਲਾਂ ਤੋਂ ਇੱਥੇ ਦੋ ਪਾਰਟੀਆਂ ਵਾਲਾ ਚੱਲ ਰਿਹਾ ਸਿਸਟਮ ਐਤਕੀਂ ਟੁੱਟ ਸਕਦਾ ਹੈ ਤੇ ਇਸ ਵਾਰੀ ਗ੍ਰੀਨ ਪਾਰਟੀ ਵੀ ਮੁੱਖ ਧਾਰਾ ਨਾਲ ਜੁੜ ਸਕਦੀ ਹੈ।

ਪਿਛਲੇ ਅੱਠ ਸਾਲਾਂ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਕੋਲ ਛੇ ਆਗੂ ਰਹੇ ਹਨ। ਮੌਜੂਦਾ ਆਗੂ ਡੈਨਿਸ ਕਿੰਗ, ਜੋ ਕਿ ਸਾਬਕਾ ਸਿਆਸੀ ਸਟਾਫਰ ਤੇ ਸਲਾਹਕਾਰ ਹੈ, ਨੂੰ ਦੋ ਮਹੀਨੇ ਪਹਿਲਾਂ ਹੀ ਪਾਰਟੀ ਦੀ ਵਾਗਡੋਰ ਸੌਂਪੀ ਗਈ ਹੈ। ਫਿਰ ਵੀ ਪਿਛਲੇ ਮਹੀਨੇ ਟੋਰੀਜ਼ ਨੂੰ ਇੱਥੇ ਭਰਵਾਂ ਹੁੰਗਾਰਾ ਮਿਲਿਆ ਤੇ ਕੈਂਪੇਨ ਖਤਮ ਹੁੰਦਿਆਂ ਹੁੰਦਿਆਂ ਟੋਰੀਜ਼ ਦਾ ਗ੍ਰੀਨਜ਼ ਤੇ ਲਿਬਰਲਾਂ ਨਾਲ ਤਿਕੋਣਾਂ ਮੁਕਾਬਲਾ ਬਣ ਗਿਆ। ਕਿੰਗ ਨੂੰ ਬ੍ਰੈਕਲੇ ਹੰਟਰ ਰਿਵਰ ਇਲਾਕੇ ਤੋਂ ਚੁਣਿਆ ਗਿਆ।

ਦੂਜੇ ਪਾਸੇ ਸਕਾਟਲੈਂਡ ਵਿੱਚ ਪੈਦਾ ਹੋਏ ਤੇ ਪਲੇ ਵੱਡੇ ਹੋਏ ਪੀਟਰ ਬੇਵਨ ਬੇਕਰ ਦੀ ਅਗਵਾਈ ਵਿੱਚ ਗ੍ਰੀਨਜ਼ ਨੂੰ ਕਾਫੀ ਮਕਬੂਲੀਅਤ ਮਿਲੀ। ਇਸ ਤੋਂ ਪਹਿਲਾਂ ਗ੍ਰੀਨ ਪਾਰਟੀ ਕਾਫੀ ਡਿੱਕੇ ਡੋਲੇ ਖਾਂਦੀ ਪਿੱਛੇ ਚੱਲ ਰਹੀ ਸੀ। ਇਸ ਕੈਂਪੇਨ ਦੌਰਾਨ ਬੇਵਨ ਬੇਕਰ ਨੇ ਸਥਾਨਕ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਗ੍ਰੀਨ ਪਾਰਟੀ ਵਾਤਾਵਰਣ ਤੋਂ ਇਲਾਵਾ ਹੋਰਨਾਂ ਗੱਲਾਂ ਦਾ ਵੀ ਖਿਆਲ ਰੱਖੇਗੀ ਤੇ ਉਨ੍ਹਾਂ ਕਈ ਤਰ੍ਹਾਂ ਦੇ ਸਮਾਜਕ ਮੁੱਦਿਆਂ ਉੱਤੇ ਵੀ ਆਪਣਾ ਧਿਆਨ ਕੇਂਦਰਿਤ ਕਰਨ ਦਾ ਯਕੀਨ ਦਿਵਾਇਆ।

ਪ੍ਰੀਮੀਅਰ ਵੇਡ ਮੈਕਲਾਕਲੈਨ ਦੀ ਅਗਵਾਈ ਵਿੱਚ ਲਿਬਰਲ ਆਪਣੇ ਚੌਥੇ ਕਾਰਜਕਾਲ ਨੂੰ ਬਚਾਉਣ ਲਈ ਜ਼ੋਰ ਲਾ ਰਹੇ ਹਨ। ਉਨ੍ਹਾਂ ਵੱਲੋਂ ਵਾਰੀ ਵਾਰੀ ਸਥਾਨਕ ਵਾਸੀਆਂ ਨੂੰ ਇਹ ਚੇਤੇ ਕਰਵਾਇਆ ਗਿਆ ਕਿ ਉਨ੍ਹਾਂ ਦੀ ਅਗਵਾਈ ਵਿੱਚ ਹੀ ਪ੍ਰੋਵਿੰਸ ਦਾ ਅਰਥਚਾਰਾ ਮਜ਼ਬੂਤ ਰਹਿ ਸਕਦਾ ਹੈ। 57 ਸਾਲਾ ਜੋਈ ਬਾਇਰਨ ਦੀ ਅਗਵਾਈ ਵਿੱਚ ਐਨਡੀਪੀ ਕਿਸੇ ਵੀ ਹਲਕੇ ਵਿੱਚ ਆਪਣਾ ਰੰਗ ਨਹੀਂ ਵਿਖਾ ਸਕੀ ਹੈ।

ਜਦੋਂ ਵਿਧਾਨਸਭਾ ਭੰਗ ਹੋਈ ਸੀ ਤਾਂ 27 ਸੀਟਾਂ ਵਿੱਚੋਂ ਲਿਬਰਲਾਂ ਕੋਲ 16 ਸੀਟਾਂ ਸਨ, ਟੋਰੀਜ਼ ਕੋਲ ਅੱਠ ਤੇ ਗ੍ਰੀਨ ਪਾਰਟੀ ਕੋਲ ਸਿਰਫ ਦੋ ਸੀਟਾਂ ਸਨ। ਇੱਕ ਆਜ਼ਾਦ ਮੈਂਬਰ ਵੀ ਸੀ। ਕਿਸੇ ਵੀ ਪਾਰਟੀ ਨੂੰ ਇੱਥੇ ਆਪਣਾ ਆਧਾਰ ਮਜ਼ਬੂਤ ਕਰਨ ਲਈ 14 ਸੀਟਾਂ ਦੀ ਲੋੜ ਹੈ ਪਰ 27 ਵਿੱਚੋਂ ਸਿਰਫ 26 ਸੀਟਾਂ ਉੱਤੇ ਹੀ ਚੋਣਾਂ ਹੋਈਆਂ ਹਨ। ਸ਼ਨਿੱਚਰਵਾਰ ਨੂੰ ਇਲੈਕਸ਼ਨਜ਼ ਪੀਈਆਈ ਨੇ ਗ੍ਰੀਨ ਪਾਰਟੀ ਦੇ ਉਮੀਦਵਾਰ ਜੋਸ਼ ਅੰਡਰਹੇਅ ਤੇ ਉਨ੍ਹਾਂ ਦੇ ਛੋਟੇ ਬੇਟੇ ਦੀ ਹਿੱਲਸਬੌਰੋ ਰਿਵਰ ਵਿੱਚ ਬੋਟ ਹਾਦਸੇ ਵਿੱਚ ਹੋਈ ਮੌਤ ਕਾਰਨ ਸ਼ਾਰਲਟਟਾਊਨ-ਹਿੱਲਸਬੌਰੋ ਪਾਰਕ ਹਲਕੇ ਵਿੱਚ ਚੋਣਾਂ ਮੁਲਤਵੀ ਕਰ ਦਿੱਤੀਆਂ। ਅਗਲੇ ਤਿੰਨ ਮਹੀਨਿਆਂ ਵਿੱਚ ਇੱਥੇ ਜ਼ਿਮਨੀ ਚੋਣਾਂ ਕਰਵਾਈਆਂ ਜਾਣਗੀਆਂ।

# ਬੁਲਿੰਗ ਕਾਰਨ ਹੀ 9 ਸਾਲਾ ਸੀਰੀਆਈ ਰਫਿਊਜੀ ਬੱਚੀ ਨੇ ਕੀਤੀ ਸੀ ਖੁਦਕੁਸ਼ੀ?



ਕੈਲਗਰੀ, 23 ਅਪਰੈਲ (ਪੋਸਟ ਬਿਊਰੋ) : ਕੈਲਗਰੀ ਦੇ ਸਕੂਲ ਵਿੱਚ ਕਥਿਤ ਤੌਰ ਉੱਤੇ ਬੁਲਿੰਗ ਦਾ ਸ਼ਿਕਾਰ ਹੋਈ 9 ਸਾਲਾ ਕੁੜੀ ਵੱਲੋਂ ਖੁਦਕੁਸ਼ੀ ਕਰਨ ਦਾ ਮਾਮਲਾ ਤੂਲ ਫੜ੍ਹਨ ਲੱਗਿਆ ਹੈ। ਅਧਿਕਾਰੀਆਂ ਵੱਲੋਂ ਇਸ ਮਾਮਲੇ ਨੂੰ ਤਫਸੀਲ ਨਾਲ ਵਿਚਾਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ।

ਅਮਲ ਅਲਸਤੇਵੀ, ਜਿਸ ਦੇ ਨਾਂ ਦਾ ਮਤਲਬ ਆਸ ਸੀ, ਨੇ ਮਾਰਚ ਵਿੱਚ ਖੁਦਕੁਸ਼ੀ ਕਰ ਲਈ ਸੀ। ਉਸ ਦੇ ਮਾਪਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਬੱਚੀ ਨੂੰ ਬੁਲਿੰਗ ਦਾ ਸ਼ਿਕਾਰ ਹੋਣਾ ਪੈ ਰਿਹਾ ਸੀ। ਇਸ ਕਾਰਨ ਹੀ ਉਨ੍ਹਾਂ ਵੱਲੋਂ ਵਾਰੀ ਵਾਰੀ ਉਸ ਦੇ ਸਕੂਲ ਵੀ ਬਦਲੇ ਗਏ ਪਰ ਹੋਣੀ ਟਲੀ ਨਹੀਂ। ਆਰਿਫ ਅਲਸਤੇਵੀ ਤੇ ਨਸਰਾ ਅਬਦੁਲਰਹਿਮੀਨ ਨੇ ਦੁਭਾਸ਼ੀਏ ਦੀ ਮਦਦ ਨਾਲ ਦੱਸਿਆ ਕਿ ਉਨ੍ਹਾਂ ਆਪਣੀ ਬੱਚੀ ਦੀ ਅਧਿਆਪਕ ਨੂੰ ਵੀ ਇਸ ਬੁਲਿੰਗ ਬਾਰੇ ਦੱਸਿਆ ਸੀ ਪਰ ਸਕੂਲ ਵੱਲੋਂ ਇਸ ਮਸਲੇ ਨੂੰ ਹੱਲ ਕਰਨ ਲਈ ਕੁੱਝ ਨਹੀਂ ਕੀਤਾ ਗਿਆ।

ਅਮਲ ਦੀ ਮਾਂ ਨਸਰਾ ਨੇ ਦੱਸਿਆ ਕਿ ਜਦੋਂ ਉਸ ਨੂੰ ਪਤਾ ਲੱਗਿਆ ਕਿ ਉਨ੍ਹਾਂ ਦੀ ਬੱਚੀ ਨੂੰ ਸਕੂਲ ਵਿੱਚ ਦਿੱਕਤਾਂ ਆ ਰਹੀਆਂ ਹਨ ਤੇ ਉਸ ਦਾ ਮਨ ਸਕੂਲ ਜਾਣ ਤੋਂ ਹਟਣ ਲੱਗਿਆ ਸੀ ਤਾਂ ਉਸ ਨੇ ਆਪਣੇ ਦੂਜੇ ਬੱਚਿਆਂ ਨੂੰ ਪੁੱਛਿਆ ਤਾਂ ਉਨ੍ਹਾਂ ਵੀ ਦੱਸਿਆ ਕਿ ਉਹ ਸਕੂਲ ਵਿੱਚ ਖੁਸ਼ ਨਹੀਂ ਹਨ ਤਾਂ ਉਹ ਆਪ ਸਕੂਲ ਗਈ ਸੀ। ਫਿਰ ਉਨ੍ਹਾਂ ਦੋਵਾਂ ਜੀਆਂ ਨੇ ਅਮਲ ਨੂੰ ਦੂਜੇ ਸਕੂਲ ਪਾਉਣ ਦਾ ਫੈਸਲਾ ਕੀਤਾ। ਇਸ ਤੋਂ ਚਾਰ ਦਿਨ ਬਾਅਦ ਹੀ ਅਮਲ ਨੇ ਖੁਦਕੁਸ਼ੀ ਕਰ ਲਈ। ...ਬਾਕੀ ਪੰਨਾ 6 ’ਤੇ

# ਐਨਡੀਪੀ ਆਗੂ ਜਗਮੀਤ ਸਿੰਘ ਨੇ ਆਪਣੀ ਕਿਤਾਬ ਰਾਹੀਂ ਸਾਂਝੇ ਕੀਤੇ ਜ਼ਿੰਦਗੀ ਦੇ ਕਈ "ਕੌੜੇ ਖੱਟੇ" ਤਜ਼ਰਬੇ



ਓਟਵਾ, 23 ਅਪਰੈਲ (ਪੋਸਟ ਬਿਊਰੋ) : ਫੈਡਰਲ ਐਨਡੀਪੀ ਆਗੂ ਜਗਮੀਤ ਸਿੰਘ ਨੇ ਜਨਤਕ ਤੌਰ ਉੱਤੇ ਬਚਪਨ ਵਿੱਚ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਣ ਦੀ ਗੱਲ ਕਬੂਲ ਕੇ ਬਹੁਤ ਵੱਡਾ ਹੀਆ ਕੀਤਾ ਹੈ। ਉਨ੍ਹਾਂ ਇਸ ਦਾ ਖੁਲਾਸਾ ਇਸ ਲਈ ਕੀਤਾ ਤਾਂ ਕਿ ਉਨ੍ਹਾਂ ਦੇ ਤਜ਼ਰਬੇ ਤੋਂ ਹੋਰਨਾਂ ਨੂੰ ਮਦਦ ਮਿਲ ਸਕੇ।

ਮੰਗਲਵਾਰ ਨੂੰ ਜਾਰੀ ਕੀਤੀ ਗਈ ਆਪਣੀ ਕਿਤਾਬ "ਲਵ ਐਂਡ ਕਰੇਜ" ਵਿੱਚ ਜਗਮੀਤ ਸਿੰਘ ਨੇ ਸਿੱਖ ਬੱਚੇ ਵਜੋਂ ਆਪਣੇ ਤਜਰਬਿਆਂ, ਆਪਣੇ ਨਾਲ ਹੋਈ ਬੁਲਿੰਗ (ਧੱਕੇਸ਼ਾਹੀ), ਨਸਲਵਾਦ ਦਾ ਸਾਹਮਣਾ ਕਰਨ, ਆਪਣੇ ਪਿਤਾ ਨਾਲ ਆਪਣੇ ਰਿਸ਼ਤੇ ਤੇ ਤਾਇਕਵਾਂਡੋ ਇੰਸਟ੍ਰਕਟਰ ਹੱਥੋਂ ਹੋਏ ਆਪਣੇ ਜਿਨਸੀ ਸ਼ੋਸ਼ਣ ਦੀ ਸੱਚਾਈ ਤੇ ਆਪਣੀ ਹੱਢਬੀਤੀ ਬਿਆਨ ਕੀਤੀ ਹੈ।

ਇਸ ਕਿਤਾਬ ਵਿੱਚ ਜਗਮੀਤ ਸਿੰਘ ਨੇ ਦੋਸ਼ ਲਾਇਆ ਕਿ ਜਦੋਂ ਦਸ ਸਾਲ ਦੀ ਨਿੱਕੀ ਉਮਰ ਵਿੱਚ ਉਹ ਖਾਸ ਟਰੇਨਿੰਗ ਲਈ ਉਸ ਵਿਅਕਤੀ ਦੇ ਘਰ ਗਿਆ ਸੀ ਤਾਂ ਉਸ ਇੰਸਟ੍ਰਕਟਰ ਵੱਲੋਂ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ। ਇਸ ਜਹਾਨ ਤੋਂ ਕੂਚ ਕਰ ਚੁੱਕੇ ਉਸ ਇੰਸਟ੍ਰਕਟਰ ਨੂੰ ਕਦੇ ਚਾਰਜ ਨਹੀਂ ਕੀਤਾ ਗਿਆ। ਜਗਮੀਤ ਸਿੰਘ ਨੇ ਆਖਿਆ ਕਿ ਇਸ ਤਜ਼ਰਬੇ ਬਾਰੇ ਪਹਿਲਾਂ ਗੱਲ ਨਾ ਕਰਨ ਉੱਤੇ ਉਨ੍ਹਾਂ ਨੂੰ ਬਹੁਤ ਪਛਤਾਵਾ ਹੈ ਕਿਉਂਕਿ ਜੇ ਉਹ ਪਹਿਲਾਂ ਹੀ ਇਸ ਮਾਮਲੇ ਨੂੰ ਸਾਹਮਣੇ ਲੈ ਆਉਂਦੇ ਤਾਂ ਕਿਸੇ ਹੋਰ ਬੱਚੇ ਨੂੰ ਹੋਏ ਨੁਕਸਾਨ ਨੂੰ ਰੋਕਿਆ ਜਾ ਸਕਦਾ ਸੀ। ਜਗਮੀਤ ਸਿੰਘ ਨੇ ਆਪਣੀ ਕਿਤਾਬ ਵਿੱਚ ਉਸ ਕੋਚ ਦਾ ਨਾਂ ਤਾਂ ਲਿਆ ਹੈ ਪਰ ਉਸ ਨੂੰ ਸਿਰਫ ਮਿਸਟਰ ਐਨ ਵਜੋਂ ਹੀ ਸੰਬੋਧਿਤ ਕੀਤਾ ਹੈ।

...ਬਾਕੀ ਪੰਨਾ 6 ’ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੁੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

ALLKIND INSURANCE
NOW HIRING !!!
LIFE INSURANCE
SUPER VISA INSURANCE
CRITICAL ILLNESS INS
MORTGAGE INSURANCE
TRAVEL & VISITOR INS
DISABILITY INSURANCE
RESP & TFSA & RRSP
FUNERAL INSURANCE
SIMRAN SAINI 416.994.7272
www.allkindinsurance.com

HSBA TAX SERVICES
Personal/Corporation Tax
Bookkeeping Services
Business/Corporation Registration
HST/WSIB/ Payroll Tax
Tax Planning/Audits
Financial Statements
647-720-5278 Prabhjot Kaur
Email: info@hsbatax.com Sr. Accountant, M.B.A
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
416 938 4598

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

TCMPLUS
10 YEARS' FAMOUS TRADITIONAL CHINESE MEDICINE CLINIC
Herbal and Acupuncture.
Treat your roots, Real Result "NO FAKE".

WE TREAT:
- ✓ Diabetes
- ✓ Low Energy
- ✓ Depression
- ✓ Anxiety
- ✓ Gout
- ✓ Disc Pain
- ✓ Prostatitis
- ✓ High Blood Pressure
- ✓ Cron's Disease
- ✓ Colitis
- ✓ Stress
- ✓ Acid Reflux
- ✓ Digestive
- ✓ Sleep Disorder



1st Month Discount

FREE CONSULTATION: 905-415-6999
30 Wertheim court, Unit 11, Richmond Hill

TOTAL HOME Windows & Doors
ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE
- •WINDOWS
- •FIBERGLASS DOORS
- •STEEL DOORS
- •SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service

For 5 Stars Reviews Online & Testimonial visit:
https://thwindowsdoors.com/testimonials/



Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200


ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਮੂੰਹੋ ਬੋਲਦੀ Kitchen and Washroom ਬਣਵਾਓ

Pearson Kitchen & Cabinet

Free Estimate
We Specialize in granite, quartz & marble countertops

100% Satisfaction On Time





We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call Vikramjit Sangha: 416-200-0931

Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਚੋਣਾਂ ਲੜਨ ਖਿਡਾਰੀ ਕਈ ਨਿਕਲ ਆਏ,
ਨਿਕਲ ਆਏ ਕਈ ਫਿਲਮ ਸਟਾਰ ਬੇਲੀ।
ਅਫਸਰ ਹੋਏ ਰਿਟਾਇਰ ਹਨ ਆਏ ਸਿੱਧੇ,
ਆ ਗਈ ਸਾਧੂਆਂ ਦੀ ਤਕੜੀ ਡਾਰ ਬੇਲੀ।
ਪੁੱਤਰ-ਧੀਆਂ ਵੀ ਆਏ ਕਈ ਲੀਡਰਾਂ ਦੇ,
ਗਲ ਵਿੱਚ ਫੁੱਲਾਂ ਦੇ ਪਾਏ ਆ ਹਾਰ ਬੇਲੀ।
ਆਮ ਬੰਦੇ ਨੂੰ ਇਹੋ ਨਹੀਂ ਸਮਝ ਆਉਂਦੀ,
ਹੋ ਗਈ ਢਾਣੀ ਇਹ ਕਿਵੇਂ ਤਿਆਰ ਬੇਲੀ।
ਵਰ੍ਹਿਆਂ ਬੱਧੀ ਜੋ ਰਹਿੰਦੇ ਆ ਪਾਰਟੀ ਵਿੱਚ,
ਦਰੀਆਂ ਝਾੜੀਆਂ, ਨਾਹਰੇ ਵੀ ਲਾਂਵਦੇ ਰਹੇ।
ਵਾਹੁੰਦੇ, ਬੀਜਦੇ, ਫਸਲ ਇਹ ਪਾਲਦੇ ਰਹੇ,
ਇੱਜੜ ਲਾਂਭ ਤੋਂ ਚਰਨ ਲਈ ਆਂਵਦੇ ਰਹੇ।

ਤੀਸ ਮਾਰ ਖਾਂ

# ਫੋਰਡ ਸਰਕਾਰ ਵੱਲੋਂ ਅੱਧੇ ਹਾਈ ਸਕੂਲ ਟੀਚਰਜ਼ ਨੂੰ ਸਰਪਲਸ ਹੋਣ ਸਬੰਧੀ ਦਿੱਤੇ ਗਏ ਨੋਟਿਸ

ਓਨਟਾਰੀਓ, 23 ਅਪਰੈਲ (ਪੋਸਟ ਬਿਊਰੋ) : ਨੀਅਰ ਨੌਰਥ ਸਕੂਲ ਬੋਰਡ ਦੇ ਅੱਧੇ ਹਾਈ ਸਕੂਲ ਟੀਚਰਜ਼, ਜਿਨ੍ਹਾਂ ਵਿੱਚੋਂ ਬਹੁਤੇ ਵਿੱਤ ਮੰਤਰੀ ਵਿੱਕ ਫੈਡੇਲੀ ਦੇ ਹਲਕੇ ਤੋਂ ਹਨ, ਨੂੰ ਸਰਪਲਸ ਹੋਣ ਸਬੰਧੀ ਨੋਟਿਸ ਮਿਲ ਰਿਹਾ ਹੈ। ਅਧਿਆਪਕਾਂ ਦੀ ਯੂਨੀਅਨ ਵੱਲੋਂ ਇਸ ਵੱਡੀ ਪੱਧਰ ਉੱਤੇ ਕੀਤੀ ਜਾਣ ਵਾਲੀ ਛਾਂਗੀ ਉੱਤੇ ਇਤਰਾਜ਼ ਪ੍ਰਗਟਾਇਆ ਜਾ ਰਿਹਾ ਹੈ।

ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ ਦੇ ਪ੍ਰੈਜ਼ੀਡੈਂਟ ਹਾਰਵੀ ਬਿਸ਼ੌਫ ਨੇ ਆਖਿਆ ਕਿ ਪ੍ਰੋਵਿੰਸ ਵਿੱਚ ਜਨਤਕ ਤੌਰ ਉੱਤੇ ਫੰਡ ਹਾਸਲ ਕਰਨ ਵਾਲੇ ਸਿੱਖਿਆ ਪ੍ਰਬੰਧ ਵਿੱਚ ਫੋਰਡ ਸਰਕਾਰ ਵੱਲੋਂ ਵੱਡੀ ਪੱਧਰ ਉੱਤੇ ਕੀਤੀਆਂ ਜਾਣ ਵਾਲੀਆਂ ਕਟੌਤੀਆਂ ਦਾ ਹੀ ਇਹ ਨਤੀਜਾ ਹੈ। ਅਜਿਹੇ ਨੋਟਿਸ 121 ਟੀਚਰਜ਼ ਨੂੰ ਭੇਜੇ ਗਏ ਹਨ। ਇਹ ਟੀਚਰਜ਼ ਯੂਨੀਅਨ ਲੋਕਲ ਨਾਲ ਸਬੰਧਤ ਹਨ ਜਿਨ੍ਹਾਂ ਦੇ 240 ਮੈਂਬਰ ਨੌਰਥ ਬੇਅ, ਨਿਪੀਸਿੰਗ ਤੇ ਪੈਰੀ ਸਾਊਂਡ ਇਲਾਕਿਆਂ ਦੇ ਸਕੂਲਾਂ ਵਿੱਚ ਹਨ।



ਇਹ ਤਾਂ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਨ੍ਹਾਂ ਵਿੱਚੋਂ ਕਿੰਨਿਆਂ ਦੀ ਛਾਂਗੀ ਕੀਤੀ ਜਾਵੇਗੀ ਪਰ ਪਿਛਲੇ ਸਾਲਾਂ ਵਿੱਚ ਇਸ ਤਰ੍ਹਾਂ ਦਾ ਕੋਈ ਵੀ ਨੋਟਿਸ ਬੋਰਡ ਦੇ ਹਾਈ ਸਕੂਲ ਅਧਿਆਪਕਾਂ ਨੂੰ ਨਹੀਂ ਮਿਲਿਆ ਹੈ। ਬਿਸ਼ੌਫ ਨੇ ਆਖਿਆ ਕਿ ਇਹ ਨੋਟਿਸ ਵਿੱਕ ਫੈਡੇਲੀ, ਪ੍ਰੀਮੀਅਰ ਤੇ ਹੋਰਨਾਂ ਮੰਤਰੀਆਂ ਵੱਲੋਂ ਕੀਤੇ ਗਏ ਉਨ੍ਹਾਂ ਦਾਅਵਿਆਂ ਕਿ ਇਨ੍ਹਾਂ ਕਟੌਤੀਆਂ ਵਜੋਂ ਕਿਸੇ ਨੂੰ ਆਪਣੀ ਨੌਕਰੀ ਤੋਂ ਹੱਥ ਨਹੀਂ ਧੋਣੇ ਪੈਣਗੇ, ਦਾ ਮੌਜੂ ਉਡਾਅ ਰਿਹਾ ਹੈ। ਦੂਜੇ ਪਾਸੇ ਫੈਡੇਲੀ ਦੇ ਬੁਲਾਰੇ ਨੇ ਯੂਨੀਅਨ ਦੇ ਇਸ ਤਰ੍ਹਾਂ ਦੇ ਬਿਆਨਾਂ ਨੂੰ ਗੈਰ ਜ਼ਰੂਰੀ ਤੇ ਲੋਕਾਂ ਵਿੱਚ ਘਬਰਾਹਟ ਵਧਾਉਣ ਵਾਲਾ ਦੱਸਿਆ।

# ਨਿਊਜ਼ੀਲੈਂਡ ਦੀਆਂ ਮਸਜਿਦਾਂ ਵਿੱਚ ਕੀਤੇ ਗਏ ਕਤਲੇਆਮ ਦਾ ਬਦਲਾ ਲੈਣ ਲਈ ਕੀਤੇ ਗਏ ਸ੍ਰੀਲੰਕਾ ਵਿੱਚ ਹਮਲੇ : ਵਿਜੇਵਰਦਨੇ

ਕੋਲੰਬੋ, ਸ੍ਰੀ ਲੰਕਾ, 23 ਅਪਰੈਲ (ਪੋਸਟ ਬਿਊਰੋ) : ਸ੍ਰੀ ਲੰਕਾ ਦੇ ਰੱਖਿਆ ਮੰਤਰੀ ਰੁਵਨ ਵਿਜੇਵਰਦਨੇ ਨੇ ਮੰਗਲਵਾਰ ਨੂੰ ਆਖਿਆ ਕਿ ਇੱਕ ਬਿਆਨ ਅਨੁਸਾਰ ਈਸਟਰ ਮੌਕੇ ਚਰਚਾਂ, ਹੋਟਲਾਂ ਤੇ ਦੇਸ਼ ਦੀਆਂ ਹੋਰਨਾਂ ਥਾਂਵਾਂ ਉੱਤੇ ਹੋਏ ਹਮਲੇ ਪਿਛਲੇ ਮਹੀਨੇ ਨਿਊਜ਼ੀਲੈਂਡ ਦੀਆਂ ਮਸਜਿਦਾਂ ਵਿੱਚ ਕੀਤੇ ਗਏ ਕਤਲੇਆਮ ਦਾ ਬਦਲਾ ਲੈਣ ਲਈ ਕੀਤੇ ਗਏ ਹਨ।

ਵਿਜੇਵਰਦਨੇ ਨੇ ਪਾਰਲੀਆਮੈਂਟ ਵਿੱਚ ਦੱਸਿਆ ਕਿ ਸਰਕਾਰ ਨੂੰ ਇਹ ਜਾਣਕਾਰੀ ਮਿਲੀ ਹੈ ਕਿ ਕੋਲੰਬੋ ਦੇ ਅੰਦਰ ਤੇ ਬਾਹਰ ਹੋਏ ਬੰਬ ਧਮਾਕੇ, ਜਿਨ੍ਹਾਂ ਵਿੱਚ 300 ਤੋਂ ਵੱਧ ਲੋਕ ਮਾਰੇ ਗਏ, ਇੱਕ ਕੱਟੜ ਇਸਲਾਮਿਕ ਜਥੇਬੰਦੀ ਵੱਲੋਂ ਕੀਤੇ ਗਏ ਹਨ। ਇਹ ਹਮਲੇ ਕ੍ਰਾਈਸਟਚਰਚ ਹਮਲਿਆਂ ਦੇ ਬਦਲੇ ਵਿੱਚ ਕੀਤੇ ਗਏ ਹਨ। ਪਰ ਰੱਖਿਆ ਮੰਤਰੀ ਨੇ ਆਪਣੇ ਬਿਆਨ ਨੂੰ ਸਿੱਧ ਕਰਨ ਲਈ ਕਿਸੇ ਤਰ੍ਹਾਂ ਦਾ ਸਬੂਤ ਮੁਹੱਈਆ ਨਹੀਂ ਕਰਵਾਇਆ।

ਵਿਜੇਵਰਦਨੇ ਨੇ ਮੰਨਿਆ ਕਿ ਸ੍ਰੀ ਲੰਕਾਂ ਵਿੱਚ ਹੋਏ ਨੌਂ ਬੰਬ ਧਮਾਕਿਆਂ ਨੂੰ ਰੋਕਣ ਵਿੱਚ ਦੇਸ਼ ਦਾ ਸਕਿਊਰਿਟੀ ਤੰਤਰ ਨਾਕਾਮ ਰਿਹਾ। ਉਨ੍ਹਾਂ ਆਖਿਆ ਕਿ ਇਹ ਸਾਡੇ ਸਕਿਊਰਿਟੀ ਤੰਤਰ ਦੀਆਂ ਖਾਮੀਆਂ ਹੀ ਹਨ ਜਿਹੜਾ ਐਨੇ ਵੱਡੇ ਹਮਲੇ ਹੋ ਗਏ। ਉਨ੍ਹਾਂ ਆਖਿਆ ਕਿ ਹੁਣ ਤੱਕ ਇਹ ਸਿੱਧ ਹੋ ਚੁੱਕਿਆ ਹੈ ਕਿ ਖੁਫੀਆ ਏਜੰਸੀਆਂ ਇਨ੍ਹਾਂ ਹਮਲਿਆਂ ਬਾਰੇ ਪਹਿਲਾਂ ਤੋਂ ਹੀ ਜਾਣੂ ਸਨ ਤੇ ਇਨ੍ਹਾਂ ਹਮਲਿਆਂ ਬਾਰੇ ਉਨ੍ਹਾਂ ਵੱਲੋਂ ਜ਼ਿੰਮੇਵਾਰ ਵਿਅਕਤੀਆਂ ਨੂੰ ਦੱਸਿਆ ਵੀ ਗਿਆ ਸੀ। ਪਰ ਇਹ ਜਾਣਕਾਰੀ ਕੁੱਝ ਕੁ ਅਧਿਕਾਰੀਆਂ ਤੱਕ ਹੀ ਸੀਮਤ ਰਹੀ।

ਇਸ ਦੌਰਾਨ ਹਮਲਿਆਂ ਦੇ ਸ਼ੱਕ ਵਿੱਚ 40 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਨ੍ਹਾਂ ਵਿੱਚੋਂ ਇੱਕ ਉਸ ਵੈਨ ਦਾ ਡਰਾਈਵਰ ਸੀ ਜਿਸ ਵੈਨ ਨੂੰ ਕਥਿਤ ਤੌਰ ਉੱਤੇ ਆਤਮਘਾਤੀ ਹਮਲਾਵਰਾਂ ਵੱਲੋਂ ਹਮਲੇ ਲਈ ਵਰਤਿਆ ਗਿਆ ਤੇ ਇੱਕ ਉਸ ਘਰ ਦਾ ਮਾਲਕ ਸੀ ਜਿਸ ਘਰ ਵਿੱਚ ਇਨ੍ਹਾਂ ਵਿੱਚੋਂ ਕੁੱਝ ਰਹਿੰਦੇ ਸਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਸੁਖਬੀਰ ਬਾਦਲ ਫ਼ਿਰੋਜ਼ਪੁਰ ਤੋਂ ਤੇ ਹਰਸਿਮਰਤ ਕੌਰ ਬਾਦਲ ਬਠਿੰਡਾ ਤੋਂ ਚੋਣ ਲੜਨਗੇ

*** ਪਹਿਲੀ ਵਾਰ ਦੋਵੇਂ ਪਤੀ-ਪਤਨੀ ਉਮੀਦਵਾਰ ਬਣੇ**



ਚੰਡੀਗੜ੍ਹ, 23 ਅਪਰੈਲ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਵਾਰ ਫ਼ਿਰੋਜ਼ਪੁਰ ਤੋਂ ਅਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਬਠਿੰਡੇ ਹਲਕੇ ਤੋਂ ਪਾਰਲੀਮੈਂਟ ਦੀ ਚੋਣ ਲੜਨਗੇ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਸਵੇਰੇ ਇਸ ਫੈਸਲੇ ਦਾ ਐਲਾਨ ਕੀਤਾ ਹੈ।

ਵਰਨਣ ਯੋਗ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੀ ਪਾਰਟੀ ਦੇ ਵਰਕਰਾਂ ਦਾ ਹੌਸਲਾ ਵਧਾਉਣ ਲਈ ਖ਼ੁਦ ਚੋਣ ਲੜਨ ਦਾ ਮਨ ਪਹਿਲਾਂ ਹੀ ਬਣਾ ਲਿਆ ਤੇ ਉਨ੍ਹਾਂ ਫਿਰੋਜ਼ਪੁਰ ਤੋਂ ਚੋਣ ਲੜਨ ਦੀ ਤਿਆਰੀ ਸ਼ੁਰੂ ਕਰ ਰੱਖੀ ਸੀ। ਏਦਾਂ ਹੀ ਹਰਸਿਮ-ਰਤ ਕੌਰ ਬਾਦਲ ਦੇ ਇੱਕ ਵਾਰ ਫਿਰ ਬਠਿੰਡਾ ਤੋਂ ਚੋਣ ਲੜਨ ਦਾ ਫ਼ੈਸਲਾ ਵੀ ਹੋ ਚੁੱਕਾ ਸੀ। ਦੋਵਾਂ ਨਾਵਾਂ ਨੂੰ ਸਾਬਕਾ ਮੁੱਖ ਮੰਤਰੀ ਤੇ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਸਹਿਮਤੀ ਦੇ ਦਿੱਤੀ ਸੀ, ਪਰ ਕਾਂਗਰਸ ਦੇ ਉਮੀਦਵਾਰਾਂ ਦਾ ਐਲਾਨ ਹੋਣ ਤੱਕ ਇਹ ਐਲਾਨ ਰੋਕ ਲਿਆ ਸੀ। ਪਤਾ ਲੱਗਾ ਹੈ ਕਿ ਪਿਛਲੇ ਦਿਨੀਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹਾਜ਼ਰੀ ਵਿੱਚ ਅਕਾਲੀ ਦਲ ਦੀ ਕੋਰ ਕਮੇਟੀ ਬੈਠਕ ਵਿੱਚ ਪਾਰਟੀ ਦੇ ਆਗੂਆਂ ਨੇ ਸੁਖਬੀਰ ਸਿੰਘ ਬਾਦਲ ਨੂੰ ਕਿਹਾ ਸੀ ਕਿ ਉਹ ਫਿਰੋਜ਼ਪੁਰ ਤੋਂ ਚੋਣ ਲੜਨ ਤਾਂ ਵਰਕਰਾਂ ਦਾ ਹੌਸਲਾ ਵਧੇਗਾ ਅਤੇ ਇਸ ਦਾ ਪਾਰਟੀ ਦੀਆਂ ਬਾਕੀ ਸਭ ਸੀਟਾਂ ਉੱਤੇ ਚੰਗਾ ਅਸਰ ਪਵੇਗਾ। ਇਕ ਆਗੂ ਨੇ ਸੁਖਬੀਰ ਸਿੰਘ ਬਾਦਲ ਨੂੰ ਸਲਾਹ ਦਿੰਦੇ ਹੋਏ ਕਿਹਾ ਸੀ ਕਿ ਜੇ ਜਨਰਲ ਖ਼ੁਦ ਮੈਦਾਨ-ਏ-ਜੰਗ ਵਿਚ ਅੱਗੇ ਹੋ ਕੇ ਲੜੇ ਤਾਂ ਫ਼ੌਜ ਦੇ ਹੌਸਲੇ ਬੁਲੰਦ ਹੁੰਦੇ ਹਨ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਸਨੀ ਦਿਓਲ ਭਾਜਪਾ ਵੱਲੋਂ ਗੁਰਦਾਸਪੁਰੋਂ ਚੋਣ ਲੜੇਗਾ, ਹੰਸ ਰਾਜ ਹੰਸ ਦਿੱਲੀ ਤੋਂ

*** ਚੰਡੀਗੜ੍ਹ ਤੋਂ ਕਿਰਨ ਖੇਰ ਤੇ ਹੁਸ਼ਿਆਰਪੁਰ ਤੋਂ ਸੋਮ ਪ੍ਰਕਾਸ਼ ਲੜਨਗੇ**

ਚੰਡੀਗੜ੍ਹ, 23 ਅਪਰੈਲ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਨੇ ਪੰਜਾਬ ਵਿੱਚ ਆਪਣੇ ਕੋਟੇ ਦੀਆਂ ਦੋ ਪਾਰਲੀਮੈਂਟ ਸੀਟਾਂ ਅਤੇ ਚੰਡੀਗੜ੍ਹ ਦੇ ਨਾਲ ਦਿੱਲੀ ਵਿੱਚ ਬਾਕੀ ਬਚਦੀ ਇੱਕ ਸੀਟ ਤੋਂਵੀ ਅੱਜ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਚੰਡੀਗੜ੍ਹ ਤੋਂ ਮੌਜੂਦਾ ਪਾਰਲੀਮੈਂਟ ਮੈਂਬਰ ਕਿਰਨ ਖੇਰ, ਗੁਰਦਾਸਪੁਰ ਤੋਂ ਸਨੀ ਦਿਓਲ ਅਤੇ ਹੁਸ਼ਿਆਰਪੁਰ ਤੋਂ ਸੋਮ ਪ੍ਰਕਾਸ਼ ਨੂੰ ਚੋਣ ਮੈਦਾਨ ਵਿੱਚ ਲਿਆਂਦਾ ਗਿਆ ਹੈ। ਦਿੱਲੀ ਦੀ ਬਾਕੀ ਬਚੀ ਸੀਟ ਪ੍ਰਸਿੱਧ ਪੰਜਾਬੀ ਗਾਇਕ ਹੰਸ ਰਾਜ ਹੰਸ ਨੂੰ ਦਿੱਤੀ ਗਈ ਹੈ। ਉਹ ਪਹਿਲਾਂ ਇੱਕ ਵਾਰ ਜਲੰਧਰ ਤੋਂ ਚੋਣ ਲੜ ਕੇ ਹਾਰ ਚੁੱਕੇ ਹਨ।

ਅੱਜ ਦੁਪਹਿਰ ਭਾਜਪਾ ਹਾਈਕਮਾਂਡ ਨੇ ਅਚਾਨਕ ਬਾਲੀਵੁੱਡ ਅਦਾਕਾਰ ਸੰਨੀ ਦਿਓਲ ਨੂੰ ਪਾਰਟੀ ਵਿੱਚ ਸ਼ਾਮਲ ਕਰ ਕੇ ਸ਼ਾਮ ਹੋਣ ਤੱਕ ਗੁਰਦਾਸਪੁਰ ਹਲਕੇ ਤੋਂ ਉਮੀਦਵਾਰ ਬਣਾ ਦਿੱਤਾ ਹੈ। ਇਸ ਹਲਕੇਤੋਂ ਮਰਹੂਮ ਐਕਟਰ ਵਿਨੋਦ ਖੰਨਾ ਭਾਜਪਾ ਦੇ ਪਾਰਲੀਮੈਂਟ ਮੈਂਬਰ ਰਹਿ ਚੁੱਕੇ ਸਨ ਤੇ ਉਨ੍ਹਾਂ ਦੀ ਮੌਤ ਦੇ ਬਾਅਦਉੱਪ ਚੋਣ ਵਿੱਚ ਕਾਂਗਰਸ ਦੇ ਸੁਨੀਲ ਜਾਖੜ ਨੇ ਭਾਜਪਾ ਦੇ ਸਵਰਨ ਸਲਾਰੀਆ ਨੂੰ ਹਰਾ ਕੇ ਇਹ ਸੀਟ ਖੋਹੀ ਸੀ। ਭਾਜਪਾ ਦੇ ਅੱਜ ਦੇ ਐਲਾਨ ਪਿੱਛੋਂ ਸੁਨੀਲ ਜਾਖੜ ਦਾ ਮੁਕਾਬਲਾਭਾਜਪਾ ਦੇ ਉਮੀਦਵਾਰ ਸੰਨੀ ਦਿਓਲ ਨਾਲ ਹੋਵੇਗਾ।

ਇਸ ਤੋਂ ਪਹਿਲਾਂ ਸੰਨੀ ਦਿਓਲ ਨੂੰ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਤੇ ਕੇਂਦਰੀ ਰੇਲ ਮੰਤਰੀ ਪੀਊਸ਼ ਗੋਇਲ ਨੇ ਅੱਜ ਭਾਜਪਾ ਵਿੱਚ ਸ਼ਾਮਲ ਕਰਾਇਆ ਹੈ। ਇਸ ਮੌਕੇ ਰੱਖਿਆ ਮੰਤਰੀ ਨੇ ਕਿਹਾ ਕਿ ਸੰਨੀ ਦਿਓਲ ਨੇ



ਫਿਲਮਾਂ ਵਿੱਚ ਦੇਸ਼ ਭਗਤੀ ਦਾ ਜਜ਼ਬਾ ਦਿਖਾਇਆ ਹੈ, ਉਨ੍ਹਾਂ ਦੀ ਅਦਾਕਾਰੀ ਵਿੱਚ ਸਿਰਫ ਐਕਟਿੰਗ ਨਹੀਂ, ਜਜ਼ਬਾਤ ਵੀ ਨਜ਼ਰ ਹਨ। ਉਨ੍ਹਾਂ ਦੀਆਂ ਫਿਲਮਾਂ ਦੇਸ਼ ਭਗਤੀ ਲਈ ਪ੍ਰੇਰਿਤ ਕਰਦੀਆਂ ਤੇ ਸੰਨੀ ਦਿਓਲ ਲੋਕਾਂ ਦੀ ਨਬਜ਼ ਸਮਝਦੇ ਹਨ।ਸੰਨੀ ਦਿਓਲ ਨੇ ਕਿਹਾ ਕਿ ਮੈਂ ਮੋਦੀ ਜੀ ਨਾਲ ਜੁੜਿਆ ਹਾਂ ਤੇ ਚਾਹੁੰਦਾ ਹਾਂ ਕਿ ਅਗਲੇ ਪੰਜ ਸਾਲ ਉਹੀ ਪ੍ਰਧਾਨ ਮੰਤਰੀ ਰਹਿਣ।

ਇਸ ਦੌਰਾਨ ਪੱਛਮੀ ਦਿੱਲੀ ਲੋਕ ਸਭਾ ਸੀਟ ਉੱਤੇਮੌਜੂਦਾ ਪਾਰਲੀਮੈਂਟ ਮੈਂਬਰ ਉਦਿਤ ਰਾਜ ਨੂੰ ਝਟਕਾ ਲੱਗਾ ਹੈ। ਨਾਮਜ਼ਦਗੀ ਦੇ ਆਖ਼ਰੀ ਦਿਨ ਭਾਜਪਾ ਨੇ ਉਨ੍ਹਾਂ ਦੀ ਥਾਂ ਮਸ਼ਹੂਰ ਗਾਇਕ ਹੰਸਰਾਜ ਹੰਸ ਨੂੰ ਉਮੀਦਵਾਰ ਬਣਾਦਿ-ੱਤਾ ਹੈ। ਇਸ ਪਿੱਛੋਂ ਖ਼ਬਰ ਹੈ ਕਿ ਟਿਕਟ ਨਾ ਮਿਲਣਕ-ਾਰਨ ਉੱਤਰੀ-ਪੱਛਮੀ ਦਿੱਲੀ ਦੇ ਪਾਰਲੀਮੈਂਟ ਮੈਂਬਰ ਉਦਿਤ ਰਾਜ ਭਾਜਪਾ ਤੋਂ ਬਗ਼ਾਵਤ ਕਰ ਸਕਦੇ ਹਨ। ਉਦਤ ਰਾਜ ਦੇ ਏਸ ਮੂਡ ਕਾਰਨ ਇਸ ਸੀਟ ਉੱਤੇ ਟਿਕਟ ਦੇ ਐਲਾਨ ਵਿਚ ਦੇਰੀ ਹੋ ਰਹੀ ਸੀ, ਪਰ ਪਾਰਟੀ ਉਨ੍ਹਾਂ ਦੀ ਜਗ੍ਹਾ ਹੰਸ ਰਾਜ ਹੰਸ ਨੂੰ ਚੋਣ ਲੜਨ ਦਾ ਫ਼ੈਸਲਾ ਕੁਝ ਦਿਨ ਪਹਿਲਾਂ ਹੀ ਕਰ ਚੁੱਕੀ ਸੀ।

ਚੰਡੀਗੜ੍ਹ ਹਲਕੇ ਤੋਂ ਚੋਣ ਲੜਨ ਲਈ ਮੌਜੂਦਾ ਪਾਰਲੀਮੈਂਟ ਮੈਂਬਰ ਕਿਰਨ ਖੇਰ ਅਤੇ ਚੰਡੀਗੜ੍ਹ ਦੇ ਭਾਜਪਾ ਪ੍ਰਧਾਨ ਸੰਜੇ ਟੰਡਨ ਦੀ ਖਿਚੋਤਾਣ ਚੱਲ ਰਹੀ ਸੀ। ਕਿਰਨ ਖੇਰ ਨੇ 2014 ਵਿਚ ਸੀਨੀਅਰਕਾਂਗਰਸ ਆਗੂ ਪਵਨ ਬਾਂਸਲ ਨੂੰ ਹਰਾ ਕੇ ਚੋਣ ਜਿੱਤੀ ਸੀ। ਓਦੋਂ ਕਿਰਨ ਖੇਰ ਨੂੰ 1,91,362 ਵੋਟਾਂ ਪਈਆਂ, ਕਾਂਗਰਸਦੇ ਪਾਵਨ ਬਾਂਸਲ ਨੂੰ 1,21,720 ਵੋਟਾਂ ਅਤੇ ਆਮ ਆਦਮੀ ਪਾਰਟੀ ਵੱਲੋਂ ਫਿਲਮ ਕਲਾਕਾਰ ਗੁਲ ਪਨਾਗ ਨੂੰ 1,08,679 ਪਈਆਂ ਸਨ।

ਹੁਸ਼ਿਆਰਪੁਰ ਵਿੱਚਮੌਜੂਦਾ ਪਾਰਲੀਮੈਂਟ ਮੈਂਬਰ ਵਿਜੇ ਸਾਂਪਲਾ ਨਾਲ ਵਰਕਰਾਂ ਤੇ ਲੋਕਾਂ ਦੀ ਨਾਰਾਜ਼ਗੀ ਵੇਖਦੇ ਹੋਏ ਭਾਜਪਾ ਉਨ੍ਹਾਂ ਨੂੰ ਚੋਣ ਲੜਾਉਣਤੋਂਝਿਜਕਦੀ ਸੀ। ਇਸੇ ਲਈ ਉਨ੍ਹਾਂ ਦੇ ਬਦਲ ਵਜੋਂ ਸੋਮ ਪ੍ਰਕਾਸ਼ ਨੂੰ ਟਿਕਟ ਦਿੱਤੀ ਗਈ ਹੈ। ਸਾਲ 2014 ਵਿੱਚ ਵਿਜੇ ਸਾਂ-ਪਲਾ ਸਾਢੇ 13 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਜਿੱਤੇ ਸਨ।

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
➔ Automatic & Manual Trucks
○ 1:1 Training
➔ Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ShereGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਲੋਕ ਸਭਾ ਚੋਣਾਂ ਦੇ ਤੀਜੇ ਗੇੜ ਵਿੱਚ 65 ਫ਼ੀਸਦੀ ਵੋਟਾਂ ਪਈਆਂ

ਨਵੀਂ ਦਿੱਲੀ, 23 ਅਪਰੈਲ, (ਪੋਸਟ ਬਿਊਰੋ)- ਭਾਰਤੀ ਪਾਰਲੀਮੈਂਟ ਲਈ ਚੋਣਾਂ ਦੇ ਤੀਸਰੇ ਗੇੜ ਵਿਚ 15 ਰਾਜਾਂ ਦੀਆਂ 116 ਸੀਟਾਂ ਉੱਤੇਅੱਜ 63.24 ਫ਼ੀਸਦੀ ਵੋਟਾਂ ਪਈਆਂ। ਪਿਛਲੀ ਵਾਰ ਇਨ੍ਹਾਂ ਸੀਟਾਂ ਉੱਤੇ 68.08 ਫ਼ੀਸਦੀਵੋਟਿੰਗ ਹੋਈ ਸੀ। ਚੋਣ ਕਮਿਸ਼ਨ ਨੇ ਦਸਿਆ ਕਿ ਗੁਜਰਾਤ ਵਿਚ 60.21 ਫ਼ੀਸਦੀ, ਆਸਾਮ 78.29, ਬਿਹਾਰ 59.97, ਉੱਤਰ ਪ੍ਰਦੇਸ਼ 57.74, ਪੱਛਮੀ ਬੰਗਾਲ 79.36, ਛੱਤੀਸਗੜ੍ਹ ਵਿਚ 65.91 ਫ਼ੀਸਦੀ, ਜੰਮੂ ਕਸ਼ਮੀਰ ਵਿਚ 12.86 ਫ਼ੀਸਦੀ ਵੋਟਾਂ ਪਈਆਂ ਹਨ। ਪਹਿਲੇ ਦੌਰ ਵਿਚ 69.45 ਫ਼ੀਸਦੀਤੇ ਦੂਜੇ ਦੌਰ ਵਿਚ 69.43 ਫ਼ੀਸਦੀ ਵੋਟਾਂ ਸਨ।

ਪੱਛਮੀ ਬੰਗਾਲ ਵਿਚ ਲੋਕ ਸਭਾ ਚੋਣਾਂ ਦੇ ਤੀਸਰੇ ਗੇੜ ਵੇਲੇ ਅੱਜ ਮੁਰਸ਼ਿਦਾਬਾਦ ਦੇਇੱਕ ਕੇਂਦਰ ਉੱਤੇ ਤ੍ਰਿਣਮੂਲ ਤੇ ਕਾਂਗਰਸ ਦੇ ਵਰਕਰ ਭਿੜ ਗਏ। ਇਕ ਹੋਰ ਬੂਥ ਨੇੜੇ ਅਣਪਛਾਤੇ ਲੋਕਾਂ ਨੇ ਬੰਬ ਸੁੱਟ ਦਿਤਾ।ਹਿੰਸਾ ਦੇ ਬਾਵਜੂਦ ਰਾਜ ਵਿਚ ਸਭ ਤੋਂ ਵੱਧ 79 ਫ਼ੀਸਦੀ ਵੋਟਾਂ ਪਈਆਂ ਹਨ। ਲੋਕ ਸਭਾ ਚੋਣਾਂ ਦੇ ਤੀਸਰੇ ਤੇ ਸਭ ਤੋਂ ਵੱਡੇ ਗੇੜ ਲਈ ਗੁਜਰਾਤ ਤੇ ਕੇਰਲਾ ਸਣੇਅੱਜ ਸਾਰੇ ਦੇਸ਼ ਵਿਚ 116 ਸੀਟਾਂ ਉੱਤੇ ਵੋਟਾਂ ਪਈਆਂ।



ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ, ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੇ ਕਈ ਕੇਂਦਰੀ ਮੰਤਰੀ ਇਸ ਗੇੜ ਦੀਆਂ ਵੋਟਾਂ ਲਈ ਮੈਦਾਨ ਵਿਚ ਹਨ। ਇਸ ਦੌਰ ਵਿਚ ਆਸਾਮ, ਬਿਹਾਰ, ਛੱਤੀਸਗੜ੍ਹ, ਜੰਮੂ ਕਸ਼ਮੀਰ, ਕਰਨ-ਾਟਕਾ, ਮਹਾਰਾਸ਼ਟਰ, ਉੜੀਸਾ, ਉੱਤਰ ਪ੍ਰਦੇਸ਼ ਤੇ ਪਛਮੀ ਬੰਗਾਲ ਦੇ ਕੁਝ ਹਲਕੇ ਸ਼ਾਮਲ ਸਨ ਅਤੇ ਗੁਜਰ-ਾਤ, ਕੇਰਲਾ, ਦਾਦਰਾ ਅਤੇ ਨਗਰ ਹਵੇਲੀ, ਗੋਆ ਅਤੇ ਦਮਨ ਤੇ ਦਿਉ ਦੇ ਸਾਰੇ ਹਲਕਿਆਂ ਲਈ ਅੱਜ ਇੱਕੋ ਪੜਾਅ ਵਿਚ ਵੋਟਾਂ ਪਈਆਂ। ਗੁਜਰਾਤ (26 ਸੀਟਾਂ) ਅਤੇ ਕੇਰਲਾ (20 ਸੀਟਾਂ) ਤੋਂ ਬਿਨਾ ਆਸਾਮ ਵਿਚ ਚਾਰ, ਬਿਹਾਰ ਵਿੱਚ ਪੰਜ, ਛੱਤੀਸਗੜ੍ਹ ਵਿੱਚ ਸੱਤ, ਕਰਨਾਟਕ ਤੇ ਮਹਾਰਸ਼ਟਰ ਦੀਆਂ 14-14, ਉੜੀਸਾ ਦੀਆਂ ਛੇ, ਉੱਤਰ ਪ੍ਰਦੇਸ਼ਵਿੱਚ 10, ਪਛਮੀ ਬੰਗਾਲ ਵਿੱਚਪੰਜ, ਗੋਆ ਦੀਆਂ ਸਾਰੀਆਂ ਦੋ ਸੀਟਾਂ ਅਤੇ ਦਾਦਰ ਤੇ ਨਗਰ ਹਵੇਲੀ, ਦਮਨ ਤੇ ਦਿਓ ਤੇ ਤ੍ਰਿਪੁਰਾ ਦੀ ਇਕ-ਇਕ ਸੀਟਦੇ ਲਈ ਅੱਜ ਵੋਟਾਂ ਪਈਆਂ ਹਨ। ਤ੍ਰਿਪੁਰਾ ਪੂਰਬ ਦੀ ਇੱਕ ਸੀਟ ਲਈ ਅੱਜ ਇਸ ਲਈ ਵੋਟਾਂ ਪਈਆਂ ਕਿ ਓਥੇ ਪਹਿਲਾਂ ਵੋਟਿੰਗ 18 ਅਪ੍ਰੈਲ ਨੂੰ ਹੋਣੀ ਸੀ, ਜਿਹੜੀ ਰੋਕ ਦਿੱਤੀ ਗਈ ਸੀ। ਇਸ ਦੇ ਨਾਲ ਜੰਮੂ ਕਸ਼ਮੀਰ ਵਿਚ ਅਨੰਤਨਾਗ ਦੀ ਲੋਕ ਸਭਾ ਸੀਟ ਦੇ ਇਕ ਹਿੱਸੇ ਵਿਚ ਵੀ ਵੋਟਾਂ ਪਈਆਂ, ਜਿਥੇ ਇੱਕੋ ਸੀਟ ਲਈ ਤਿੰਨ ਗੇੜਾਂ ਵਿਚ ਚੋਣ ਹੋ ਰਹੀ ਹੈ।ਉੜੀਸਾ, ਗੁਜਰਾਤ ਅਤੇ ਗੋਆ ਦੀਆਂ ਕੁਝ ਵਿਧਾਨ ਸਭਾ ਸੀਟਾਂਲਈ ਵੀ ਵੋਟਾਂ ਪਈਆਂ।

ਅੱਜ ਕੇਰਲਾ ਦੇ ਵੋਟ ਕੇਂਦਰਾਂ ਅੱਗੇ ਲੰਮੀਆਂ ਕਤਾਰਾਂ ਲੱਗੀਆਂ ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਔਰਤਾਂ, ਸੀਨੀਅਰ ਨਾਗਰਿਕ ਤੇ ਪਹਿਲੀ ਵਾਰ ਵੋਟ ਪਾਉਣ ਵਾਲੇ ਨੌਜਵਾਨ ਖੜੇ ਸਨ। ਹਾਈ ਪ੍ਰੋਫ਼ਾਈਲ ਵਾਇਨਾਡ ਸੀਟ ਉੱਤੇ ਵੀ ਅੱਜ ਹੀ ਵੋਟਾਂ ਪਈਆਂ, ਜਿਥੋਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਚੋਣ ਲੜ ਰਹੇ ਹਨ। ਉਹ ਉੱਤਰ ਪ੍ਰਦੇਸ਼ ਦੇ ਅਮੇਠੀ ਦੇ ਨਾਲ ਏਥੋਂ ਦੂਸਰੀ ਸੀਟ ਲਈ ਮੈਦਾਨ ਵਿਚ ਹਨ।

ਚੋਣ ਕਮਿਸ਼ਨ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਕੁਝ ਬੂਥਾਂ ਉੱਤੇ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਵਿਚ ਤਕਨੀਕੀ ਨੁਕਸ ਬਾਰੇ ਸ਼ਿਕਾਇਤਾਂ ਸਨ। ਕਈ ਥਾਂ ਮਸ਼ੀਨਾਂ ਨੂੰ ਬਦਲ ਵੀ ਦਿਤਾ ਗਿਆ ਹੈ। ਇਨ੍ਹਾਂ ਮਸ਼ੀਨਾਂ ਦੇ ਨੁਕਸ ਕਾਰਨ ਬਿਹਾਰ ਦੇ ਖਗੜੀਆ ਹਲਕੇ ਦੇ ਦੋ ਕੇਂਦਰਾਂ ਅਤੇ ਝੰਝਾਪਰਪੁਰ ਦੇ ਤਿੰਨ ਬੂਥਾਂ ਉੱਤੇਵੋਟਿੰਗ ਰੁਕੀ ਰਹੀ।

# ਪੰਜਾਬ ਸਰਕਾਰ ਦੀ ਮਾਈਨਿੰਗ ਨੀਤੀ ਹਾਈ ਕੋਰਟ ਨੇ ਰੱਦ ਕੀਤੀ, ਨਵੇਂ ਟੈਂਡਰ ਨਿਕਲਣਗੇ

ਚੰਡੀਗੜ੍ਹ, 23 ਅਪਰੈਲ, (ਪੋਸਟ ਬਿਊਰੋ)- ਪੰਜਾਬ ਸਰਕਾਰ ਦੀ ਮਾਈਨਿੰਗ ਨੀਤੀ ਨੂੰ ਅੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰੱਦ ਕਰ ਦਿਤਾ ਤੇ ਤਿੰਨ ਮਹੀਨਿਆਂ ਵਿੱਚਨਵੀਂ ਨੀਤੀ ਬਣਾ ਕੇ ਇਸ ਨਾਲ ਮਾਈਨਿੰਗ ਟੈਂਡਰ ਅਲਾਟ ਕਰਨ ਨੂੰ ਆਖਿਆ ਹੈ। ਹਾਈ ਕੋਰਟ ਨੇ ਇਹ ਫੈਸਲਾ ਵਕੀਲ ਗਗਨੇਸ਼ਵਰ ਵਾਲੀਆ ਵਲੋਂਪੇਸ਼ ਕੀਤੀ ਜਨਹਿਤ ਪਟੀਸ਼ਨ ਤੇ ਰੋਪੜ ਜ਼ਿਲ੍ਹੇ ਦੇ ਮਾਈਨਿੰਗ ਠੇਕੇਦਾਰਾਂ ਵਲੋਂਆਈ ਅਰਜ਼ੀ ਉੱਤੇ ਬਹਿਸ ਦੇ ਬਾਅਦ ਸੁਣ-ਾਇਆ ਹੈ।

ਵਰਨਣ ਯੋਗ ਹੈ ਕਿ ਠੇਕੇਦਾਰਾਂ ਨੇ ਪੁਰਾਣੀ ਰਿਵਰਸ ਬਿਡਿੰਗ ਨੀਤੀ ਹੇਠ ਚਲਾਈਆਂ ਜਾਂਦੀਆਂ ਖਾਣਾਂ ਨੂੰ 2018 ਦੀ ਮਾਈਨਿੰਗ ਪਾਲਸੀ ਦੇ ਵਿਰੋਧਕਾਰਨ ਸਰੰਡਰ ਕਰ ਦਿਤਾ ਸੀ। ਉਨ੍ਹਾਂ ਨੇ ਪੰਜਾਬ ਸਰਕਾਰ ਦੀ ਨਵੀਂਨੀਤੀ ਦਾ ਵਿਰੋਧ ਦੋ ਗੱਲਾਂ ਕਰ ਕੇ ਕੀਤਾ ਸੀ। ਪਹਿਲੀ ਇਹ ਕਿ ਪੰਜਾਬ ਸਰਕਾਰ ਨੇ ਬਾਕੀ ਬਚਦੇ ਸਮੇਂ ਦੇ ਫ਼ਾਇਦੇ ਦੀ ਰਕਮ ਠੇਕੇਦਾਰਾਂ ਨੂੰ ਨਹੀਂ ਦਿਤੀ ਅਤੇ ਦੂਜੀ ਇਹ ਕਿ ਰਾਜ ਸਰਕਾਰ ਨੇ ਨਹਿਰੀ ਕੰਢਿਆਂ ਅਤੇ ਥਾਵਾਂ ਦੀ ਜਾਂਚ ਕਰਨ ਬਿਨਾਂ ਬਲਾਕ ਬਣਾ ਕੇ ਨਿਲਾਮੀ ਦੀ ਸੂਚਨਾ ਜਾਰੀ ਕਰ ਦਿੱਤੀ ਸੀ। ਇਹ ਵੀ ਦੋਸ਼ ਲਾਇਆ ਗਿਆ ਕਿ ਰਾਜ ਸਰਕਾਰ ਦੀ ਨਵੀਂ ਨੀਤੀ ਕਾਰਨ ਵਾਤਾਵਰਣ ਉੱਤੇ ਮਾੜਾ ਅਸਰ ਪਵੇਗਾ ਤੇ ਕੁਦਰਤੀ ਸਾਧਨਾਂ ਦਾ ਖ਼ਾਤਮਾ ਹੋਣ ਦੇ ਨਾਲ ਨਾਜਾਇਜ਼ ਮਾਈਨਿੰਗ ਵਧੇਗੀ ਤੇ ਇਹ ਨੀਤੀ ਵਾਤਾਵਰਣ ਅਤੇ ਜੰਗਲਾਤ ਵਿਭਾਗ ਦੀਆਂ ਹਦਾਇਤਾਂ ਦੇ ਵੀ ਵਿਰੁੱਧ ਦੱਸੀ ਗਈ ਸੀ।

ਅਦਾਲਤ ਨੇ ਪਹਿਲੀ ਨੀਤੀ ਕਾਇਮ ਰੱਖ ਕੇ ਨੀਲਾਮੀ ਦਾ ਨੋਟਿਸ ਰੱਦ ਕਰ ਦਿਤਾ ਤੇ ਸਰਕਾਰ ਨੂੰ ਕਿਹਾ ਕਿ ਖਾਣਾਂ ਦੀਆਂ ਹੱਦਾਂ ਤੈਅ ਕਰ ਕੇ ਨਵਾਂ ਨੋਟਿਸ ਜਾਰੀ ਕੀਤਾ ਜਾਵੇ। ਅਦਾਲਤ ਨੇ ਅਰਜ਼ੀਦੇਣ ਵਾਲੇ ਠੇਕੇਦਾਰਾਂ ਨੂੰ ਆਪਣੀਆਂ ਖਾਣਾਂ ਵਿੱਚ ਮੁੜ ਕੇ ਕੰਮ ਕਰਨ ਦੀ ਮਨਜ਼ੂਰੀ ਦੇ ਦਿਤੀ ਹੈਅਤੇ ਠੇਕਾ ਸਰੰਡਰ ਕਰਨ ਵਾਲੇ ਸਭ ਠੇਕੇਦਾਰਾਂ ਨੂੰ ਵੀ ਇਸ ਦੌਰਾਨ ਕੰਮ ਉੱਤੇ ਬਹਾਲ ਕੀਤਾ ਜਾਵੇਗਾ।

# ਆਈ ਜੀ ਉਮਰਾਨੰਗਲ ਕੋਟਕਪੂਰਾ ਗੋਲੀ ਕਾਂਡ ਦੀ ਪੇਸ਼ੀ ਭੁਗਤਣ ਪਹੁੰਚੇ

ਫਰੀਦਕੋਟ, 23 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਕੋਟਕਪੂਰਾ ਗੋਲੀ ਕਾਂਡ ਬਾਰੇ ਕੋਟਕਪੂਰਾ ਸਿਟੀ ਥਾਣਾ ਵਿਖੇ ਦਰਜ ਕੇਸ 'ਚ ਕੱਲ੍ਹ ਇਥੇ ਜ਼ਿਲਾ ਅਦਾਲਤਾਂ ਵਿਖੇ ਪੇਸ਼ੀ ਭੁਗਤਣ ਪਹੁੰਚੇ। ਉਨ੍ਹਾਂ ਇਲਾਕਾ ਮੈਜਿਸਟਰੇਟ ਏਕਤਾ ਉਪਲ ਦੀ ਅਦਾਲਤ 'ਚ ਹਾਜ਼ਰੀ ਲਵਾਈ ਤਾਂ ਇਲਾਕਾ ਮੈਜਿਸਟਰੇਟ ਨੇ ਇਸ ਮਾਮਲੇ ਦੀ ਸੁਣਵਾਈ 10 ਜੂਨ ਤੱਕ ਮੁਲਤਵੀ ਕਰ ਦਿੱਤੀ ਹੈ।

ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਕੱਲ੍ਹ 10 ਵਜੇ ਤੋਂ ਬਾਅਦ ਸੀਨੀਅਰ ਵਕੀਲ ਗੁਰਸਾਹਿਬ ਸਿੰਘ ਬਰਾੜ ਦੀ ਅਗਵਾਈ ਵਿੱਚ ਹੋਰ ਵਕੀਲਾਂ ਨਾਲ ਅਦਾਲਤ ਪੇਸ਼ ਹੋਏ। ਵਿਸ਼ੇਸ਼ ਜਾਂਚ ਟੀਮ ਦਾ ਕੋਈ ਅਧਿਕਾਰੀ ਕੱਲ੍ਹ ਉਮਰਾਨੰਗਲ ਦੀ ਸੁਣਵਾਈ ਸਮੇਂ ਅਦਾਲਤ ਵਿੱਚ ਨਹੀਂ ਸੀ। ਪਤਾ ਲੱਗਾ ਹੈ ਕਿ ਵਿਸ਼ੇਸ਼ ਜਾਂਚ ਟੀਮ ਦੇ ਅਧਿਕਾਰੀ ਬਹਿਬਲ ਕਾਂਡ 'ਚ ਪੇਸ਼ ਹੋਣੀ ਚਾਰਜਸ਼ੀਟ ਨੂੰ ਅੰਤਿਮ ਛੋਹਾਂ ਦੇਣ ਰੁੱਝੇ ਹੋਏ ਹਨ, ਜੋ ਕਾਨੂੰਨ ਅਨੁਸਾਰ 27 ਅਪ੍ਰੈਲ ਤੋਂ ਪਹਿਲਾਂ ਅਦਾਲਤ 'ਚ ਪੇਸ਼ ਕਰਨੀ ਹੈ। ਬਹਿਬਲ ਕਲਾਂ ਗੋਲੀ ਕਾਂਡ ਵਿੱਚ ਪਰਮਰਾਜ ਸਿੰਘ ਉਮਰਾਨੰਗਲ ਨੂੰ ਅਗਾਉਂ ਜ਼ਮਾਨਤ ਮਿਲੀ ਹੋਈ ਹੈ। ਕੱਲ੍ਹ ਪੇਸ਼ੀ ਸਮੇਂ ਉਮਰਾਨੰਗਲ ਦੇ ਸੁਰੱਖਿਆ ਕਰਮਚਾਰੀ ਵੀ ਉਨ੍ਹਾਂ ਦੇ ਨਾਲ ਸਨ। ਆਈ ਜੀ ਉਮਰਾਨੰਗਲ ਨੇ ਖੁਦ ਨੂੰ ਬੇਕਸੂਰ ਦੱਸਦਿਆਂ ਕਿਹਾ ਕਿ ਉਸ ਦਾ ਕੋਟਕਪੂਰਾ ਗੋਲੀ ਕਾਂਡ ਜਾਂ ਬਹਿਬਲ ਕਾਂਡ ਨਾਲ ਕੋਈ ਸਬੰਧ ਨਹੀਂ ਅਤੇ ਨਾ ਉਨ੍ਹਾਂ ਕਿਸੇ ਪੁਲਸ ਟੀਮ ਦੀ ਅਗਵਾਈ ਕੀਤੀ ਸੀ।

# ‘ਚੌਕੀਦਾਰ ਚੋਰ ਹੈ’ ਵਾਲੇ ਕੇਸ ਵਿੱਚ ਰਾਹੁਲ ਨੂੰ ਸੁਪਰੀਮ ਕੋਰਟ ਦਾ ਨਵਾਂ ਨੋਟਿਸ ਜਾਰੀ

*** ਰਾਹੁਲ ਗਾਂਧੀ ਦੇ ਪਹਿਲੇ ਜਵਾਬ ਤੋਂ ਤਸੱਲੀ ਨਹੀਂ**

ਨਵੀਂ ਦਿੱਲੀ, 23 ਅਪਰੈਲ, (ਪੋਸਟ ਬਿਊਰੋ)- ਸਿਆਸੀ ਭਾਸ਼ਣਾਂ ਵਿੱਚ ਲਗਾਤਾਰ ‘ਚੌਕੀਦਾਰ ਚੋਰ ਹੈ’ ਦੀ ਰੱਟ ਲਾਉਣ ਵਾਲੇ ਕਾਂਗਰਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਨੂੰ ਸੁਪਰੀਮ ਕੋਰਟ ਤੋਂ ਰਾਹਤ ਨਹੀਂ ਮਿਲੀ। ਅੱਜ ਸੁਪਰੀਮ ਕੋਰਟ ਨੇ ਮਾਣਹਾਨੀ ਦੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਨਵਾਂ ਨੋਟਿਆ ਜਾਰੀ ਕਰ ਦਿੱਤਾ ਹੈ, ਕਿਉਂਕਿ ਪਹਿਲੇ ਨੋਟਿਸ ਦੇ ਲਈ ਪੇਸ਼ ਕੀਤਾ ਗਿਆ ਰਾਹੁਲ ਗਾਂਧੀ ਦਾ ਜਵਾਬ ਤਸੱਲੀ ਵਾਲਾ ਨਹੀਂ ਸੀ।

ਵਰਨਣ ਯੋਗ ਹੈ ਕਿ ਰਾਹੁਲ ਗਾਂਧੀ ਨੇ ਇੱਕ ਦਿਨ ਪਹਿਲਾਂ ਸੁਪਰੀਮ ਕੋਰਟ ਨੂੰ ਆਪਣੇ ਅਪਮਾਨਜਨਕ ਬਿਆਨ ਦਾ ਸਪੱਸ਼ਟੀਕਰਨ ਭੇਜ ਦਿੱਤਾ ਸੀ, ਪਰ ਅੱਜ ਸੁਪਰੀਮ ਕੋਰਟ ਨੇ ਕਿਹਾ ਕਿ ਉਹ ਰਾਹੁਲ ਗਾਂਧੀ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਨੋਟਿਸ ਜਾਰੀ ਕੀਤਾ ਹੈ। ਕੇਸ ਦੀ ਅਗਲੀ ਸੁਣਵਾਈ 30 ਅਪ੍ਰੈਲ ਨੂੰ ਹੋਵੇਗੀ। ਪਹਿਲੇ ਜਵਾਬ ਵਿੱਚ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਮੋਦੀ ਬਾਰੇ ‘ਚੌਕੀਦਾਰ ਚੋਰ’ ਕਹਿਣ ਵਾਲੇ ਭਾਸ਼ਣ ਵਿੱਚ ਸੁਪਰੀਮ ਕੋਰਟ ਦਾ ਜ਼ਿਕਰ ਕਰਨ ਉੱਤੇ ਅਫ਼ਸੋਸ ਜ਼ਾਹਰ ਕੀਤਾ ਸੀ। ਉਸ ਦੇ ਖ਼ਿਲਾਫ਼ ਦਾਇਰ ਮਾਣਹਾਨੀ ਕੇਸ ਉੱਤੇ ਸੋਮਵਾਰ ਨੂੰ ਉਸ ਨੇ ਕਿਹਾ ਸੀ ਕਿ ਮੈਂ ਮੰਨਦਾ ਹਾਂ ਕਿ ਸੁਪਰੀਮ ਕੋਰਟ ਨੇ ਕਦੀ ਨਹੀਂ ਕਿਹਾ ਕਿ ਚੌਕੀਦਾਰ ਚੋਰ ਹੈ, ਮੈਂ ਇਹ ਗੱਲ ਚੋਣ ਪ੍ਰਚਾਰ ਦੌਰਾਨ ਜੋਸ਼ ਵਿਚ ਕਹਿ ਬੈਠਾ ਸੀ ਤੇ ਅੱਗੇ ਤੋਂ ਜਦੋਂ ਤਕ ਅਦਾਲਤ ਵਿੱਚ ਅਜਿਹੀ ਗੱਲ ਰਿਕਾਰਡ ਵਿੱਚ ਨਾ ਕਹੀ ਗਈ ਹੋਵੇ, ਮੈਂਜਨਤਾ ਵਿੱਚ ਅਜਿਹੀ ਬਿਆਨਬਾਜ਼ੀ ਨਹੀਂ ਕਰਾਂਗਾ।

ਰਾਹੁਲ ਗਾਂਧੀ ਦੇ ਖ਼ਿਲਾਫ਼ ਸੁਪਰੀਮ ਕੋਰਟ ਦੀ ਮਾਣਹਾਨੀ ਬਾਰੇ ਪਟੀਸ਼ਨ ਉੱਤੇ ਅਦਾਲਤ ਨੇ ਉਸ ਨੂੰ 15 ਅਪ੍ਰੈਲ ਨੂੰ ਨੋਟਿਸ ਜਾਰੀ ਕਰ ਕੇ 22 ਅਪ੍ਰੈਲ ਤਕ ਜਵਾਬ ਦੇਣ ਨੂੰ ਕਿਹਾ ਸੀ। ਰਾਹੁਲ ਗਾਂਧੀ ਨੇ ਦਸ ਅਪ੍ਰੈਲ ਨੂੰ ਨਾਮਜ਼ਦਗੀ ਪਿੱਛੋਂ ਮੀਡੀਆ ਅੱਗੇ ਰਾਫੇਲ ਸੌਦੇਬਾਰੇ ‘ਚੌਕੀਦਾਰ ਚੋਰ ਹੈ’ ਦਾ ਬਿਆਨ ਦਿੱਤਾ ਸੀ। ਉਸ ਦਾ ਇਹ ਬਿਆਨ ਮੀਡੀਆ ਵਿੱਚ ਆਇਆ ਤਾਂ ਭਾਜਪਾ ਪਾਰਲੀਮੈਂਟ ਮੈਂਬਰ ਮੀਨਾਕਸ਼ੀ ਲੇਖੀ ਨੇ ਸੁਪਰੀਮ ਕੋਰਟ ਵਿੱਚਅਰਜ਼ੀ ਦੇ ਦਿੱਤੀ ਕਿ ਚੋਣ ਰੈਲੀਆਂ ਵਿੱਚ ਰਾਹੁਲ ਗਾਂਧੀ ਰਾਫੇਲ ਨਾਲ ਜੁੜੇ ਝੂਠੇ ਬਿਆਨ ਦੇ ਰਹੇ ਹਨ ਅਤੇਉਨ੍ਹਾਂ ਨੇ ਇਕ ਰੈਲੀ ਵਿੱਚ ਕਿਹਾ ਸੀ, ‘ਸੁਪਰੀਮ ਕੋਰਟ ਨੇ ਵੀ ਕਹਿ ਦਿੱਤਾ ਹੈ ਕਿ ਚੌਕੀਦਾਰ ਚੋਰ ਹੈ।’ਭਾਜਪਾ ਆਗੂ ਮੀਨਾਕਸ਼ੀ ਲੇਖੀ ਦੀ ਅਰਜ਼ੀ ਵਾਲੇਕੇਸ ਵਿੱਚ ਰਾਹੁਲ ਗਾਂਧੀ ਨੇ 22 ਅਪ੍ਰੈਲ ਨੂੰ ਐਫੀਡੇਵਿਟ ਰਾਹੀਂ ਆਪਣੇ ਬਿਆਨ ਉੱਤੇ ਅਫ਼ਸੋਸ ਪ੍ਰਗਟ ਕੀਤਾ ਤੇ ਕਿਹਾ ਸੀ ਕਿ ਉਨ੍ਹਾਂ ਕੋਰਟ ਦੇ ਹਵਾਲੇ ਨਾਲ ਜੋ ਕਿਹਾ, ਉਹ ਚੋਣ ਪ੍ਰਚਾਰ ਦੌਰਾਨ ਜੋਸ਼ ਵਿੱਚਕਿਹਾ ਗਿਆ ਸੀ, ਕੋਰਟ ਨੇ ਇਹ ਕੁਝ ਨਹੀਂ ਕਿਹਾ ਸੀ।



ਅੱਜ ਮੰਗਲਵਾਰ ਨੂੰ ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਦੀਪਕ ਗੁਪਤਾ ਤੇ ਜਸਟਿਸ ਸੰਜੀਵ ਖੰਨਾ ਦੀ ਬੈਂਚ ਕੋਲ ਸੁਣਵਾਈ ਵੇਲੇ ਮੀਨਾਕਸ਼ੀ ਲੇਖੀ ਦੇ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਉਹ ਰਾਹੁਲ ਦੇ ਐਫੀਡੇਵਿਟ ਦੇ ਜਵਾਬ ਦਾ ਜਵਾਬ ਪੇਸ਼ ਕਰਨਗੇ। ਇਸ ਉੱਤੇ ਕੋਰਟ ਨੇ ਮੁਕੁਲ ਰੋਹਤਗੀ ਨੂੰ ਕਿਹਾ ਕਿ ਦੱਸੋ ਰਾਹੁਲ ਨੇ ਜਵਾਬ ਵਿਚ ਕੀ ਕਿਹਾ ਹੈ। ਰੋਹਤਗੀ ਨੇ ਕਿਹਾ ਕਿ ਰਾਹੁਲ ਨੇ ਬਿਆਨ ਉੱਤੇ ਅਫ਼ਸੋਸ ਪ੍ਰਗਟਾਇਆ ਅਤੇ ਮੰਨਿਆ ਹੈ ਕਿ ਉਨ੍ਹਾਂ ਕੋਰਟ ਦਾ ਆਦੇਸ਼ ਪੜ੍ਹੇ ਬਿਨਾਂ ਪ੍ਰਚਾਰ ਦੌਰਾਨ ਜੋਸ਼ ਵਿਚ ਇਹ ਕਹਿ ਦਿੱਤਾ ਸੀ। ਰੋਹਤਗੀ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਬਿਆਨ ਉੱਤੇ ਠੀਕ ਤਰ੍ਹਾਂ ਮਾਫ਼ੀ ਨਹੀਂ ਮੰਗੀ, ਸਗੋਂ ਇਸ ਵਿੱਚ ‘ਅਫ਼ਸੋਸ ਹੈ’ ਦਾ ਸ਼ਬਦ ਵਰਤਿਆ ਹੈ,ਏਦਾਂ ਮਾਫ਼ੀ ਨਹੀਂ ਮੰਗੀ ਜਾਂਦੀ, ਇਹ ਸਿਰਫ਼ ਦਿਖਾਵਾ ਹੈ। ਰਾਹੁਲ ਦੇ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਕਿਹਾ ਕਿ ਭਾਜਪਾ ਇਸ ਦਾ ਰਾਜਸੀਕਰਨ ਕਰ ਰਹੀ ਹੈ। ਕੋਰਟ ਨੇ ਉਨ੍ਹਾਂ ਤੋਂ ਸਪੱਸ਼ਟੀਕਰਨ ਮੰਗਿਆ ਤਾਂ ਉਨ੍ਹਾਂ ਆਪਣੇ ਬਿਆਨ ਵਿੱਚ ਅਫ਼ਸੋਸ ਪ੍ਰਗਟਾ ਦਿੱਤਾ, ਕੋਰਟ ਨੇ ਉਨ੍ਹਾਂ ਨੂੰ ਨੋਟਿਸ ਜਾਰੀ ਹੀ ਨਹੀਂ ਕੀਤਾ। ਇਸ ਉੱਤੇ ਚੀਫ ਜਸਟਿਸ ਨੇ ਕਿਹਾ, ਤੁਸੀਂ ਚਾਹੁੰਦੇ ਹੋ ਕਿ ਨੋਟਿਸ ਜਾਰੀ ਹੋਵੇ। ਠੀਕ ਹੈ, ਅਸੀਂ ਨੋਟਿਸ ਜਾਰੀ ਕਰਦੇ ਹਾਂ। ਸਿੰਘਵੀ ਨੇ ਕਿਹਾ, ਨਹੀਂ, ਅਸੀਂ ਇਹ ਨਹੀਂ ਕਹਿੰਦੇ। ਕੋਰਟ ਦੇ ਨਾਂ ਉੱਤੇ ਉਨ੍ਹਾਂ ਦਾ ਜੋ ਬਿਆਨ ਸੀ, ਉਹ ਕੋਰਟ ਨੇ ਨਹੀਂ ਕਿਹਾ ਸੀ ਅਤੇ ਉਸ ਲਈ ਉਨ੍ਹਾਂ ਨੂੰ ਅਫ਼ਸੋਸ ਹੈ। ਕੋਰਟ ਨੇ ਸਿੰਘਵੀ ਦੀਆਂ ਦਲੀਲਾਂ ਜਾਰੀ ਰਹਿੰਦੇ ਹੋਏ ਹੀ ਨੋਟਿਸ ਲਿਖਾਉਣਾ ਸ਼ੁਰੂ ਕਰ ਦਿੱਤਾ, ਪਰ ਥੋੜ੍ਹੀ ਰਾਹਤ ਦਿੰਦੇ ਹੋਏ ਅਗਲੀ ਸੁਣਵਾਈ 30 ਅਪ੍ਰੈਲ ਲਈ ਰਾਹੁਲ ਗਾਂਧੀ ਨੂੰ ਨਿੱਜੀ ਪੇਸ਼ੀ ਤੋਂ ਛੋਟ ਦੇ ਦਿੱਤੀ।

# ਪਾਕਿ ਖੁਫੀਆ ਏਜੰਸੀ ਦੇ ਸਾਬਕਾ ਮੁਖੀ ਵੱਲੋਂ ਪਾਕਿਸਤਾਨ ਫ਼ੌਜ ਦੇ ਫ਼ੈਸਲੇ ਨੂੰ ਚੁਣੌਤੀ

ਇਸਲਾਮਾਬਾਦ, 23 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਦੇ ਸਾਬਕਾ ਮੁਖੀ ਲੈਫਟੀਨੈਂਟ ਜਨਰਲ ਅਸਦ ਦੁਰਾਨੀ ਨੇ ਆਪਣੇ ਦੇਸ਼ ਦੀ ਤਾਕਤਵਰ ਗਿਣੀ ਜਾਂਦੀ ਫ਼ੌਜ ਦੇ ਇਕ ਫ਼ੈਸਲੇ ਨੂੰ ਅਦਾਲਤ ਵਿਚ ਚੁਣੌਤੀ ਦੇ ਦਿੱਤੀ ਹੈ। ਉਨ੍ਹਾਂ ਨੂੰ ਆਪਣੀ ਫ਼ੌਜ ਬਾਰੇ ਇਕ ਵਿਵਾਦਿਤ ਕਿਤਾਬ ਲਿਖਣ ਦਾ ਦੋਸ਼ੀ ਪਾਏ ਜਾਣ ਉੱਤੇਪੈਨਸ਼ਨ ਅਤੇ ਦੂਜੇ ਲਾਭਾਂ ਤੋਂ ਵਾਂਝਾ ਕਰ ਦਿੱਤਾ ਗਿਆ ਸੀ। ਦੁਰਾਨੀ ਨੇ ਇਹ ਕਿਤਾਬ ਭਾਰਤ ਦੀ ਖ਼ੁਫ਼ੀਆ ਏਜੰਸੀ ਰਾਅ ਦੇ ਸਾਬਕਾ ਮੁਖੀ ਏ ਐੱਸ ਦੁਲੱਟ ਨਾਲ ਮਿਲ ਕੇ ਸਾਂਝੇ ਤੌਰ ਉੱਤੇ ਲਿਖੀ ਸੀ।

ਅਸਦ ਦੁਰਾਨੀ ਦੀ ਕਿਤਾਬ ‘ਦ ਸਪਾਈ ਕ੍ਰਾਨੀਕਲਜ਼ : ਰਾਅ, ਆਈ ਐੱਸ ਆਈ ਐਂਡ ਦ ਇਲੂਸ਼ਨ ਆਫ ਪੀਸ’ ਦੇ ਖ਼ਿਲਾਫ਼ ਫੌਜ ਨੇ‘ਕੋਰਟ ਆਫ ਇਨਕੁਆਰੀ’ ਬਿਠਾਈ ਤੇ ਇਸ ਕੇਸ ਵਿਚ ਉਨ੍ਹਾਂ ਨੂੰ ਬੀਤੇ ਫਰਵਰੀ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਇਸ ਦੇ ਨਾਲ ਹੀ ਅਗਸਤ 1990 ਤੋਂ



ਮਾਰਚ 1992 ਤਕ ਇੰਟਰ ਸਰਵਿਸਿਜ਼ ਇੰਟੈਲੀਜੈਂਸ (ਆਈ ਐੱਸ ਆਈ) ਦੇ ਮੁਖੀ ਰਹੇ ਅਸਦ ਦੁਰਾਨੀ ਦੇ ਦੇਸ਼ ਛੱਡਣ ਦੀ ਵੀ ਪਾਬੰਦੀ ਲਾ ਦਿੱਤੀ ਹੈ। ਦੁਰਾਨੀ ਨੇ ਇਸ ਦੇ ਖਿਲਾਫ ਇਸ ਸੋਮਵਾਰ ਨੂੰ ਇਸਲਾਮਾਬਾਦ ਹਾਈ ਕੋਰਟ ਵਿਚ ਅਪੀਲ ਕਰ ਕੇ ਕਿਹਾ ਕਿ ਉਨ੍ਹਾਂ ਦੀ ਇਹ ਕਿਤਾਬ ਫ਼ੌਜੀ ਸੇਵਾ ਦੇ ਨਿਯਮਾਂ ਦਾ ਉਲੰਘਣ ਨਹੀਂ, ਇਸ ਲਈ ਉਨ੍ਹਾਂ ਦੇ ਖ਼ਿਲਾਫ਼ ਫੌਜੀ ਅਦਾਲਤ ਦਾ ਫ਼ੈਸਲਾ ਗ਼ਲਤ ਹੈ। ਉਨ੍ਹਾਂ ਨੇ ਅਦਾਲਤ ਨੂੰ ਫ਼ੌਜੀ ਅਦਾਲਤ ਦੇ ਫ਼ੈਸਲੇ ਨੂੰ ਰੱਦ ਕਰਨ ਅਤੇ ਪੈਨਸ਼ਨ ਬਹਾਲ ਕਰਨ ਦੀ ਅਪੀਲ ਕੀਤੀ ਹੈ।

ਵਰਨਣ ਯੋਗ ਹੈ ਕਿ ਅਸਦ ਦੁਰਾਨੀ ਨੇ ਇਸ ਕਿਤਾਬ ਵਿਚ ਦਾਅਵਾ ਕੀਤਾ ਸੀ ਕਿ ਪਾਕਿਸਤਾਨ ਦੀ ਐਬਟਾਬਾਦ ਛਾਉਣੀ ਦੇ ਨੇੜੇ ਅਲਕਾਇਦਾ ਦੇ ਮੁਖੀ ਓਸਾਮਾ ਬਿਨ ਲਾਦੇਨ ਦੇ ਖ਼ਿਲਾਫ਼ ਅਮਰੀਕਾ ਦੀ ਮੁਹਿੰਮ ਬਾਰੇ ਓਦੋਂ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੂੰ ਪੂਰੀ ਜਾਣਕਾਰੀ ਸੀ ਅਤੇ ਅਲਕਾਇਦਾ ਸਰਗਨਾ ਨੂੰ ਖ਼ਤਮ ਕਰਨ ਲਈ ਅਮਰੀਕਾ ਤੇ ਪਾਕਿ-ਸਤਾਨ ਵਿਚਾਲੇ ਇਕ ਖ਼ਾਸ ਸਮਝੌਤਾ ਕੀਤਾ ਗਿਆ ਸੀ। ਅਮਰੀਕਾ ਨੇ ਸਾਲ 2011 ਵਿਚ ਐਬਟਾਬਾਦ ਵਿੱਚ ਓਸਾਮਾ ਬਿਨ ਲਾਦੇਨ ਨੂੰ ਅੱਧੀ ਰਾਤ ਹਮਲਾ ਕਰ ਕੇ ਮਾਰ ਦਿੱਤਾ ਸੀ।

ਦੁਰਾਨੀ ਨੇ ਇਸ ਕਿਤਾਬ ਵਿਚ ਇਹ ਵੀ ਕਿਹਾ ਸੀ ਕਿ ਪਾਕਿਸਤਾਨ ਨੇ ਭਾਰਤੀ ਕੈਦੀ ਕੁਲਭੂਸ਼ਣ ਜਾਧਵ ਦੇ ਕੇਸ ਦੀ ਗ਼ਲਤ ਵਰਤੋਂ ਕੀਤੀ ਸੀ। ਉਨ੍ਹਾਂ ਦਾ ਦਾਅਵਾ ਸੀ ਕਿ ਜਾਧਵ ਨੂੰ ਭਾਰਤ ਨੂੰ ਸੌਂਪ ਦਿੱਤਾ ਜਾਵੇਗਾ।

## ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ-ਦਿਹਾੜਾ 12 ਮਈ ਨੂੰ

ਬਰੈਂਪਟਨ, (ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਸ਼ੁਭ ਜਨਮ-ਦਿਹਾੜਾ ਆਹਲੂਵਾਲੀਆ ਐਸੋਸੀਏਸ਼ਨ ਆਫ਼ ਨਾਰਥ ਅਮੈਰਿਕਾ ਵੱਲੋਂ 12 ਮਈ ਦਿਨ ਐਤਵਾਰ ਨੂੰ ਸਵੇਰੇ 10.00 ਵਜੇ ਤੋਂ ਦੁਪਹਿਰ 12.00 ਵਜੇ ਤੀਕ ਗੁਰਦ-ਆਰਾ ਸਾਹਿਬ ਸਿੰਘ ਸਭਾ ਮਾਲਟਨ (ਕੈਨੇਡਾ) ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਏਗਾ। ਸਵੇਰੇ 10.00 ਵਜੇ ਸੁਖਮਨੀ ਸਾਹਿਬ ਦੇ ਪਾਠ ਆਰੰਭ ਹੋਵੇਗਾ ਜਿਸ ਦੇ ਭੋਗ ਉਪਰੰਤ ਦੀਵਾਨ ਸਜਾਏ ਜਾਣਗੇ। ਦੀਵਾਨ ਵਿਚ ਰਾਗੀ ਸਿੰਘਾਂ ਵੱਲੋਂ ਕੀਰਤਨ ਹੋਵੇਗਾ ਅਤੇ ਕਥਾ-ਵਾਚਕ ਬਾਬਾ ਜੱਸਾ ਸਿੰਘ ਜੀ ਦੇ ਜੀਵਨ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਸਬੰਧੀ ਸੰਗਤਾਂ ਨੂੰ ਜਾਣਕਾਰੀ ਦੇਣਗੇ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਸਮਾਗਮ ਦੇ ਪ੍ਰਬੰਧਕਾਂ ਟੌਮੀ ਵਾਲੀਆ ਨੂੰ 647-242-8100, ਕਿੰਗ ਵਾਲੀਆ ਨੂੰ 416-804-4122, ਵਿਸ਼ ਵਾਲੀਆ ਨੂੰ 647-330-1664 ਜਾਂ ਜੱਸ ਵਾਲੀਆ ਨੂੰ 905-872-6003 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd. Seema Bhayana

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

“Quality is our strength.”

SKYDOME GROUP OF COMPANIES

MINISTRY APPROVED SALVAGE INSPECTION STATION

WE DEAL WITH ALL INSURANCE COMPANIES

Body Centre

Specializing In:

- Collision • Custom Painting
- Mechanical Service
- Frame & Unibody Repair
- Insurance Claims Welcome

Inderjit Singh Lic. Auto Body Technician/Lic. Mec.

Daljit Singh President

308 Rutherford Road Brampton

905-874-9878

Skydome Emission & Allignment Centre Inc.

210 Rutherford Rd., Brampton

905-450-9878

WE SELL QUALITY USED CARS

Satnam Singh Lic. Auto Body Technician

STAFFORD TRUCK CENTRE 30 Stafford Dr., Brampton, Tel: 905-460-1414

HEAD OFFICE: 905-874-9878 Tol Free: 1-877-799-9878, www.skydomeauto.ca

Paramjit Deol Broker CELL: 416-993-7378

7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

TORONTO $6.99/Sq Ft — 22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.

Chatham-Kent $85,000 — 2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.

TORONTO $140,000 — 45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.

BRAMPTON $169,900 — Photo Not Available — 537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.

BRAMPTON $195,900 — Photo Not Available — 2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.

BRAMPTON $199,900 — Photo Not Available — 8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.

BRAMPTON $199,000 — 25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month

BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

TORONTO $309,000 — 320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.

BRAMPTON $349,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

BRAMPTON $449,000 — 315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,

MISSISSAUGA $469,000 — Photo Not Available — 349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.

BRAMPTON $469,000 — Photo Not Available — 537 Van Kirk Dr 110: For sale Please call 905-405-8484

BRANTFORD $525,000 — 118&120 Morrell St: Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.

MISSISSAUGA $629,000 — Photo Not Available — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $779,000 — 9 Loftsmoor Dr: Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See

*Canadian punjabi post assumes no responsibility for the accuracy of any information shown. Copyright Ppost 2019

# ਮਈ ਦਿਵਸ ਦਾ ਪ੍ਰੋਗਰਾਮ 5 ਮਈ ਨੂੰ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ, ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਅਤੇ ਜੀ ਟੀ ਏ ਵੈਸਟ ਕਲੱਬ ਸੀ ਪੀ ਸੀ ਵਲੋਂ ਗਰੇਟਰ ਟੋਰਾਂਟੋ ਇਲਾਕੇ ਦੀਆਂ ਹੋਰ ਅਗਾਂਹਵਧੂ ਜਥੇਬੰਦੀਆਂ ਨਾਲ ਰੱਲ ਕੇ 5 ਮਈ, 2019 ਦਿਨ ਐਤਵਾਰ ਨੂੰ ਸ਼ਾਮ 1 ਤੋਂ 5 ਵਜੇ ਤੱਕ, 8910 ਮੈਕਲਾਗਲਿੰਨ ਰੋਡ ਦੱਖਣ ਤੇ ਸਥਿਤ, ਫਲਾਵਰ ਸਿੱਟੀ ਲਾਅਨ ਬਾਅਲਿੰਗ ਸੁਵਿਧਾ (ਕੁਈਨ ਰੋਡ ਅਤੇ ਮੈਕਲਾਗਲਿੰਨ ਰੋਡ ਦਾ ਦੱਖਣ ਪੱਛਮੀ ਖੂੰਜਾ) ਵਿਚ ਮਈ ਦਿਵਸ ਦੇ ਸ਼ਹੀਦਾਂ ਨੂੰ ਸਮੱਰਪਿਤ ਸੈਮੀਨਾਰ ਕੀਤਾ ਜਾ ਰਿਹਾ ਹੈ। ਇਸ ਵਿਚ ਮਈ ਦਿਵਸ ਦੇ ਇਤਿਹਾਸ ਅਤੇ ਇਸ ਦੀ ਅਜੋਕੇ ਸਮੇਂ ਵਿਚ ਮਹੱਤਤਾ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਮਈ ਦਿਵਸ ਦੇ ਸ਼ਹੀਦ, ਮਜ਼ਦੂਰਾਂ ਦੇ ਹੱਕਾਂ ਦੀ ਜਦੋਜਹਿਦ ਦੇ ਇਤਿਹਾਸ ਵਿਚ ਖਾਸ ਸਥਾਨ ਰਖਦੇ ਹਨ। ਉਨ੍ਹਾਂ ਅਤੇ ਕਾਮਿਆਂ ਦੇ ਹੋਰ ਸ਼ਹੀਦਾਂ ਨੂੰ ਯਾਦ ਕਰਨ ਲਈ ਇਹ ਦਿਹਾੜਾ, ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਤੌਰ ਤੇ ਦੁਨੀਆਂ ਭਰ ਵਿਚ ਪੂਰੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾਂਦਾ ਹੈ। ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਚ 4 ਮਈ 1886 ਨੂੰ ਅੱਠ ਘੰਟਿਆਂ ਦੀ ਦਿਹਾੜੀ ਦੀ ਮੰਗ ਕਰਦੇ ਮਜ਼ਦੂਰਾਂ ਦੇ ਜਲਸੇ ਤੇ ਪੁਲਿਸ ਦੁਆਰਾ ਚਲਾਈਆਂ ਗੋਲੀਆਂ ਨਾਲ ਚਾਰ ਮਜ਼ਦੂਰਾਂ ਦੀ ਮੌਤ ਹੋਈ ਅਤੇ ਇਸੇ ਮੌਕੇ ਚੱਲੇ ਇੱਕ ਬੰਬ ਕਾਰਨ 7 ਪੁਲਿਸ ਕਰਮਚਾਰੀ ਮਾਰੇ ਗਏ। ਬੰਬ ਧਮਾਕੇ ਦੇ ਮੁਕੱਦਮੇ ਦੀ ਕਾਰਵਾਈ ਦੌਰਾਨ ਬੇਸ਼ੱਕ ਇਹ ਗੱਲ ਸਾਫ਼ ਹੋ ਗਈ ਸੀ ਕਿ ਦੋਸ਼ੀਆਂ ਵਿਚੋਂ ਕਿਸੇ ਨੇ ਵੀ ਬੰਬ ਨਹੀਂ ਸੁਟਿਆ, ਸਿਰਫ ਇਸ ਅਧਾਰ ਤੇ ਕਿ ਉਨ੍ਹਾਂ ਵਿਚੋਂ ਇੱਕ ਨੇ ਬੰਬ ਬਣਾਇਆ ਹੋ ਸਕਦਾ ਹੈ, ਸੱਤ ਲੀਡਰਾਂ ਨੂੰ ਫ਼ਾਂਸੀ ਦੀਆਂ ਸਜ਼ਾਵਾਂ ਸੁਣਾ ਦਿਤੀਆਂ ਗਈਆਂ। ਉਨ੍ਹਾਂ ਵਿਚੋਂ ਦੋ ਨੂੰ ਗਵਰਨਰ ਵਲੋਂ ਮੁਆਫ਼ੀ ਦੇ ਦਿੱਤੀ ਗਈ, ਇੱਕ ਮਜ਼ਦੂਰ ਨੇ ਜੇਲ੍ਹ ਵਿਚ ਆਤਮ ਹੱਤਿਆ ਕਰ ਲਈ ਅਤੇ ਚਾਰ ਨੂੰ ਫ਼ਾਸੀ ਲਾ ਦਿੱਤਾ ਗਿਆ। ਇਨ੍ਹਾਂ ਕੁਰਬਾਨੀਆਂ ਸਦਕਾ ਹੀ ਅੱਜ ਕੱਲ੍ਹ ਦੇ ਕਾਮੇ ਆਮ ਕਰਕੇ ਅੱਠ ਜਾਂ ਇਸ ਤੋਂ ਘੱਟ ਸਮੇਂ ਦੀ ਦਿਹਾੜੀ ਹੀ ਕਰਦੇ ਹਨ। ਉਨ੍ਹਾਂ ਦੀ ਇਸ ਲਾਸਾਨੀ ਸ਼ਹਾਦਤ ਦੀ ਯਾਦ ਨੂੰ ਤਾਜ਼ਾ ਕਰਨ ਦੇ ਇੱਕ ਉੱਪਰਾਲੇ ਵਜੋਂ ਇਹ ਪ੍ਰੋਗਰਾਮ ਕੀਤਾ ਜਾ ਰਿਹਾ ਹੈ।

ਇਸ ਵਿਚ ਮਈ ਦਿਵਸ ਨਾਲ ਸਬੰਧਿਤ ਘਟਨਾਵਾਂ ਬਾਰੇ ਜਾਣਕਾਰੀ ਤੋਂ ਇਲਾਵਾ ਇਸ ਦੀ ਅਜੋਕੇ ਸਮੇਂ ਵਿਚ ਮਹੱਤਤਾ ਬਾਰੇ ਵੀ ਗਲਬਾਤ ਕੀਤੀ ਜਾਵੇਗੀ। ਇਸ ਪ੍ਰੋਗਰਾਮ ਨੂੰ ਰੌਚਕ ਬਣਾਉਣ ਲਈ ਕਵਿਤਾਵਾਂ ਅਤੇ ਅਗਾਂਵਧੂ ਗੀਤ ਸੰਗੀਤ ਵੀ ਹੋਵੇਗਾ। ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲੈਣ ਲਈ ਹਰਿੰਦਰ ਹੁੰਦਲ (647 818 6880), ਬਲਦੇਵ ਰਹਿਪਾ (416 881 7202 ਜਾਂ ਸੁਰਜੀਤ ਸਹੋਤਾ (416 704 0745) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# 'ਕ੍ਰਾਈਸਟਚਰਚ ਰਿਸਪਾਂਸ' ਵੀਜ਼ਾ ਸ਼੍ਰੇਣੀ ਅਧੀਨ ਅੱਤਵਾਦੀ ਹਮਲੇ ਦੇ ਪੀੜ੍ਹਤ ਪਰਿਵਾਰਾਂ ਨੂੰ ਪੱਕੇ ਹੋਣ ਦਾ ਦਿੱਤਾ ਮੌਕਾ

ਔਕਲੈਂਡ, 23 ਅਪ੍ਰੈਲ (ਹਰਜਿੰਦਰ ਸਿੰਘ ਬਸਿਆਲਾ): ਨਿਊਜ਼ੀਲੈਂਡ ਇਮੀਗਰੇਸ਼ਨ ਵੱਲੋਂ ਕ੍ਰਾਈਸਟਚਰਚ ਵਿਖੇ 15 ਮਾਰਚ ਨੂੰ ਅੱਤਵਾਦੀ ਹਮਲੇ ਦੇ ਵਿਚ ਮਾਰੇ ਗਏ ਪੀੜਤ ਪਰਿਵਾਰਾਂ ਦੇ ਜ਼ਖਮਾਂ ਨੂੰ ਪਿਆਰ ਦੀਆਂ ਪੁੜੀਆਂ ਦੇ ਨਾਲ ਭਰਨ ਤੋਂ ਬਾਅਦ ਹੁਣ ਸਰਕਾਰ ਨੇ 'ਪੀ. ਆਰ.' (ਪਰਮਾਨੈਂਟ ਰੈਜੀਡੈਂਸੀ) ਦੇਣ ਵਾਸਤੇ ਵੀ ਖਿੜਕੀ ਖੋਲ੍ਹ ਦਿੱਤੀ ਹੈ। ਇਸ ਵੀਜ਼ੇ ਨੂੰ 'ਕ੍ਰਾਈਸਟਚਰਚ ਰਿਸਪਾਂਸ' ਨਾਂਅ ਦੀ ਸ਼੍ਰੇਣੀ ਵਿਚ ਨਵਾਂ ਦਰਜ ਕੀਤਾ ਗਿਆ ਹੈ। 24 ਅਪ੍ਰੈਲ ਤੋਂ ਅਰਜ਼ੀਆਂ ਦਿੱਤੀਆਂ ਜਾ ਸਕਣਗੀਆਂ। ਮਸਜਿਦ ਅਲਨੂਰ ਅਤੇ ਲਿਨਵੁੱਡ ਮਸਜਿਦ ਉਤੇ ਹਮਲੇ ਦੌਰਾਨ 50 ਲੋਕ ਮਾਰੇ ਗੇ ਸਨ ਅਤੇ ਦਰਜਾਂ ਜ਼ਖਮੀ ਹੋਏ ਸਨ। ਮ੍ਰਿਤਕਾਂ ਦੇ ਪਰਿਵਾਰਾਂ ਉਤੇ ਟੁੱਟੇ ਪਹਾੜ ਜਿੱਡੇ ਦੁੱਖ ਦੇ ਬੁਰੇ ਪਏ ਪ੍ਰਭਾਵ ਨੂੰ ਸਮਝਦਿਆਂ ਉਨ੍ਹਾਂ ਦੇ ਅਸਥਾਈ ਵੀਜ਼ੇ ਨੂੰ ਸਥਾਈ ਵੀਜ਼ੇ ਦੇ ਵਿਚ ਬਦਲਣ ਦੀ ਪ੍ਰਕਿਰਿਆ ਪੂਰਾ ਕਰਨ ਦੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

ਕੌਣ ਅਪਲਾਈ ਕਰ ਸਕਦਾ ਹੈ?- ਜਿਹੜੇ ਪਰਿਵਾਰਾਂ ਦੇ ਜੀਅ ਮਸਜਿਦ ਦੇ ਵਿਚ ਹਾਜ਼ਿਰ ਸਨ, ਮਸਜਿੱਦਾਂ ਦੇ ਵਿਚ ਜਾਨ ਗਵਾ ਗਏ ਉਨ੍ਹਾਂ ਦੇ ਬਹੁਤ ਨੇੜਲੇ ਰਿਸ਼ਤੇਦਾਰ ਆਪਣੀ ਅਰਜੀ ਲਾ ਸਕਦੇ ਹਨ। ਪਰ ਜਿਹੜੇ ਰਿਸ਼ਤੇਦਾਰ ਟੂਰਸਿਟ, ਖੇਡ ਜਾਂ ਬਿਜਨਸ ਵੀਜੇ ਉਤੇ ਸਨ ਉਹ ਆਪਣੀ ਅਰਜੀ ਨਹੀਂ ਲਾ ਸਕਣਗੇ। ਜਿਆਦਾ ਜਾਣਕਾਰੀ ਲਈ ਇਮੀਗ੍ਰੇਸ਼ਨ ਦੀ ਵੈਬਸਾਈਟ ਉਤੇ ਜਾਇਆ ਜਾ ਸਕਦਾ ਹੈ।

# ਡਾ: ਨਵਸ਼ਰਨ ਕੌਰ ਵਲੋਂ ਬਰੈਂਪਟਨ ਵਿੱਚ 1 ਮਈ ਨੂੰ ਰੂ-ਬ-ਰੂ ਪ੍ਰੋਗਰਾਮ

(ਹਰਜੀਤ ਬੇਦੀ): ਮਨੁੱਖੀ ਹੱਕਾਂ ਖਾਸ ਤੌਰ ਤੇ ਔਰਤ ਹੱਕਾਂ ਲਈ ਕਾਰਜਸ਼ੀਲ ਡਾ: ਨਵਸ਼ਰਨ ਕੌਰ ਜੋ ਅੰਤਰਰਾਸ਼ਟਰੀ ਡਿਵੈਲਪਮੈਂਟ ਰਿਸਰਚ ਸੈਂਟਰ, ਕਨੇਡਾ ਦੇ ਦਿੱਲੀ ਦਫਤਰ ਵਿੱਚ ਨਿਯੁਕਤ ਹਨ ਬਹੁਤ ਹੀ ਸੰਖੇਪ ਦੌਰੇ ਤੇ ਟੋਰਾਂਟੋ ਆ ਰਹੇ ਹਨ। ਤਰਸ਼ਕੀਲ ਸੁਸਾਇਟੀ ਵਲੋਂ ਉਹਨਾਂ ਦੇ ਹਿਤੈਸ਼ੀਆਂ, ਭਾਅ ਜੀ ਗੁਰਸ਼ਰਨ ਸਿੰਘ ਦੇ ਸਨੇਹੀਆਂ ਅਤੇ ਲੋਕ ਪੱਖੀ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਉਹਨਾਂ ਦੇ ਰੂਬਰੂ ਦਾ ਪਰੋਗਰਾਮ ਉਲੀਕਿਆ ਗਿਆ ਹੈ। ਉਹ ਪਿਛਲੇ ਕਾਫੀ ਅਰਸੇ ਤੋਂ ਔਰਤਾਂ ਦੇ ਹੱਕਾਂ ਲਈ ਚੱਲ ਰਹੇ ਸੰਘਰਸ਼ਾਂ ਵਿੱਚ ਹਿੱਸਾ ਲੈ ਰਹੇ ਹਨ। ਇਸ ਸਬੰਧੀ ਉਹਨਾਂ ਨੇ ਆਪਣੀ ਕਲਮ ਦੁਆਰਾ ਆਵਾਜ਼ ਬੁਲੰਦ ਕੀਤੀ ਹੈ। ਜਿਹੜੇ ਵਿਅਕਤੀਆਂ ਉਹਨਾਂ ਨੂੰ ਸੁਣਨਾ, ਮਿਲਣਾ ਜਾਂ ਗੱਲਬਾਤ ਕਰਨਾ ਚਾਹੁੰਦੇ ਹਨ ਉਹ ਇੱਕ ਮਈ ਨੂੰ ਉਹਨਾਂ ਨੂੰ ਮਿਲ ਸਕਦੇ ਹਨ।



ਧਰਮ , ਜਾਤੀ ਅਤੇ ਗਊ ਰੱਖਿਆ ਦੇ ਨਾਂ ਤੇ ਦਲਿਤਾਂ , ਮੁਸਲਮਾਨਾਂ, ਆਦਿਵਾਸੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਵਿੱਚ ਫੈਲਾਈ ਜਾ ਰਹੀ ਦਹਿਸ਼ਤ ਬਾਰੇ ਉਹ ਬੇਬਾਕੀ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹਨ। ਆਪਣੇ ਪਿਤਾ ਭਾਅ ਜੀ ਗੁਰਸ਼ਰਨ ਸਿੰਘ ਦੀ ਇਨਸਾਫ ਅਤੇ ਬਰਾਬਰੀ ਵਾਲਾ ਸਮਾਜ ਸਿਰਜਣ ਦੀ ਸੋਚ ਨਾਲ ਪ੍ਰਤੀਬੱਧ ਹਨ। ਇਹ ਪਰੋਗਰਾਮ ਬਹੁਤ ਹੀ ਘੱਟ ਸਮੇਂ ਵਿੱਚ ਉਲੀਕਿਆ ਗਿਆ ਹੈ। ਪਰੋਗਰਾਮ ਵਿੱਚ ਸ਼ਾਮਲ ਹੋਣ ਦੇ ਚਾਹਵਾਨ ਸਮਾਂ, ਸਥਾਨ ਅਤੇ ਹੋਰ ਜਾਣਕਾਰੀ ਲਈ ਬਲਦੇਵ ਰਹਿਪਾ 416-881-7202, ਨਿਰਮਲ ਸੰਧੂ 416-835-3450 ਜਾਂ ਸੁਰਜੀਤ ਸਹੋਤਾ 416-704-0745ਨਾਲ ਸੰਪਰਕ ਕਰ ਸਕਦੇ ਹਨ।

# ਬਰੈਂਪਟਨ ’ਚ ਪੰਜਵੇਂ ਸਿੱਖ ਵਿਰਾਸਤੀ ਮਹੀਨੇ ਦੇ ਸਮਾਪਤੀ ਸਮਾਰੋਹ 27 ਅਪ੍ਰੈਲ ਨੂੰ

ਬਰੈਂਪਟਨ, (ਡਾ. ਝੰਡ) -ਸਾਲ 2019 ਦੇ ਸਿੱਖ ਵਿਰਾਸਤੀ ਮਹੀਨੇ ਦਾ ਅਖ਼ੀਰਲਾ ਹਫ਼ਤਾ ਨੇੜੇ ਆ ਰਿਹਾ ਹੈ। ਸਿੱਖ ਹੈਰੀਟੇਜ ਮੰਥ ਫ਼ਾਊਂਡੇਸ਼ਨ ਬਰੈਂਪਟਨ ਵੱਲੋਂ ਪੰਜਵੇਂ ਵਿਰਾਸਤੀ ਮਹੀਨੇ ਦੀ ਕਲੋਜ਼ਿੰਗ ਸੈਰੀਮਨੀ ਇਸ ਮਹੀਨੇ ਅਖ਼ੀਰਲੇ ਸ਼ਨੀਵਾਰ, ਭਾਵ 27 ਅਪ੍ਰੈਲ ਨੂੰ ਬੜੀ ਧੂਮ-ਧਾਮ ਨਾਲ ਮਨਾਈ ਜਾ ਰਹੀ ਹੈ।

ਇਸ ਅਪ੍ਰੈਲ ਮਹੀਨੇ ਦੌਰਾਨ ਬਹੁਤ ਸਾਰੀਆਂ ਕਮਿਊਨਿਟੀ ਸੰਸਥਾਵਾਂ ਵੱਲੋਂ ਮਿਲ ਕੇ ਕਈ ਪ੍ਰੋਗਰਾਮ ਆਯੋਜਿਤ ਕੀਤੇ ਗਏ ਹਨ ਜਿਨ੍ਹਾਂ ਰਾਹੀਂ ਅਮੀਰ ਸਿੱਖ ਵਿਰਾਸਤ ਨੂੰ ਕਲਾ ਤੇ ਇਤਿਹਾਸਕ ਪ੍ਰਦਰਸ਼ਨੀਆਂ, ਵੱਖ-ਵੱਖ ਪੇਸ਼ਕਾਰੀਆਂ, ਵਰਕਸ਼ਾਪਾਂ, ਕੌਨਸਰਟਸ, ਵਿਚਾਰ-ਵਟਾਂਦਰਿਆਂ ਤੇ ਆਪਸੀ-ਸੰਵਾਦਾਂ ਰਾਹੀਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਨ੍ਹਾਂ ਸਮਾਗ਼ਮਾਂ ਦੀ ਸੰਗਤਾਂ ਵੱਲੋਂ ਕਾਫ਼ੀ ਸ਼ਲਾਘਾ ਕੀਤੀ ਗਈ ਹੈ।

ਸਿੱਖ ਹੈਰੀਟੇਜ ਮੰਥ 2019 ਲਈ ਆਯੋਜਿਤ ਕੀਤੇ ਗਏ ਇਨ੍ਹਾਂ ਪ੍ਰੋਗਰਾਮਾਂ ਦੇ ਸਮਾਪਤੀ ਜਸ਼ਨ ਦੀ ਆਫ਼ੀਸ਼ੀਅਲ ਕਲੋਜ਼ਿੰਗ ਸੈਰੀਮਨੀ ਸਬੰਧੀ ਪ੍ਰੋਗਰਾਮ 27 ਅਪ੍ਰੈਲ ਦਿਨ ਐਤਵਾਰ ਨੂੰ ਬਰੈਂਪਟਨ ਸਿਟੀ ਹਾਲ ਵਿਚ ਸ਼ਾਮ 6.00 ਵਜੇ ਤੋਂ ਰਾਤ 9.00 ਵਜੇ ਤੱਕ ਆਯੋਜਿਤ ਕੀਤਾ ਜਾ ਰਿਹਾ ਹੈ। ਉਮੀਦ ਕੀਤੀ ਜਾਂਦੀ ਹੈ ਕਿ ਇਸ ਸਮਾਗ਼ਮ ਵਿਚ 1000 ਤੋਂ ਵਧੇਰੇ ਲੋਕ ਸ਼ਾਮਲ ਹੋਣਗੇ। ਊਰਜਾ ਭਰਪੂਰ ਕਲੋਜ਼ਿੰਗ ਸੈਰੀਮਨੀ ਦਾ ਇਹ ਸਮਾਗ਼ਮ ਆਪਣੇ ਆਪ ਵਿਚ ਇਕ ਮਿਸਾਲ ਹੋਵੇਗਾ ਅਤੇ ਇਹ ਅਗਲੇ ਸਾਲ 2020 ਵਿਚ 'ਛੇਵਾਂ ਹੈਰੀਟੇਜ ਮੰਥ' ਮਨਾਉਣ ਲਈ ਸਾਨੂੰ ਸਾਰਿਆਂ ਨੂੰ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰੇਗਾ।

ਆਓ! ਤੇ ਇਸ ਵਿਚ ਸਥਾਨਕ ਟੇਲੈਂਟ ਨਾਲ ਭਰਪੂਰ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਅਤੇ ਕਲਾ ਪ੍ਰਦਰਸ਼ਨੀਆਂ ਦਾ ਆਨੰਦ ਮਾਣੋ। ਹਰਮਨ-ਪਿਆਰੀ ਮਾਰਕੀਟਪਲੇਸ ਵਿਚ ਸ਼ਿਰਕਤ ਕਰੋ ਜਿੱਥੇ ਸਥਾਨਕ ਚੈਰਿਟੀਆਂ ਤੇ ਸੰਸਥਾਵਾਂ ਵਾਲੰਟੀਅਰ ਸੇਵਾਵਾਂ ਲਈ ਮੌਕਿਆਂ ਸਬੰਧੀ ਜਾਣਕਾਰੀ ਮੁਹੱਈਆ ਕਰਨਗੀਆਂ ਅਤੇ ਇਸ ਦੇ ਨਾਲ ਹੀ ਤੁਸੀ ਸੁਆਦਲੇ ਪੰਜਾਬੀ ਖਾਣਿਆਂ ਦਾ ਵੀ ਆਨੰਦ ਪ੍ਰਾਪਤ ਕਰੋਗੇ।

ਇਸ ਸਬੰਧੀ ਵਧੇਰੇ ਜਾਣਕਾਰੀ ਲਈ www.sikhheritagemonth.ca 'ਤੇ ਵਿਜ਼ਿਟ ਕਰੋ। ਇਸ ਦੇ ਲਈ ਤੁਸੀਂ ਗੁਰਕੀਰਤ ਬਾਠ ਨੂੰ ਫ਼ੋਨ ਨੰਬਰ 647-339-8072 'ਤੇ ਜਾਂ ਉਨ੍ਹਾਂ ਦੀ ਈ-ਮੇਲ gurkirat@sikhheritagemonth.ca 'ਤੇ ਵੀ ਸੰਪਰਕ ਕਰ ਸਕਦੇ ਹੋ।

# ਫਿਊਨਰਲ ਸੇਵਾਵਾਂ ਦੀ ਰਜਿਸਟ੍ਰੇਸ਼ਨ ਦੇ ਪੈਸਿਆਂ ਦੇ ਹੱਲ ਲਈ ਮਤਾ ਪਾਸ

## ਸਬੰਧਤ ਵਿਅਕਤੀ 31 ਮਈ ਤੋਂ ਪਹਿਲਾਂ ਸੰਪਰਕ ਕਰਨ

(ਹਰਜੀਤ ਬੇਦੀ): ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਆਫ ਬਰੈਂਪਟਨ ਦੀ ਕਾਰਜਕਾਰਣੀ ਵਲੋਂ ਦਿੱਤੀ ਗਈ ਸੂਚਨਾ ਮੁਤਾਬਕ ਕੁੱਝ ਸਾਲ ਪਹਿਲਾਂ ਸਸਤੀਆਂ ਫਿਊਨਰਲ ਸੇਵਾਵਾਂ ਲਈ ਬਹੁਤ ਸਾਰੇ ਵਿਅਕਤੀਆਂ ਨੇ ਰਜਿਸਟਰੇਸ਼ਨ ਸਮੇਂ 100 ਡਾਲਰ ਪ੍ਰਤੀ ਵਿਅਕਤੀ ਜਮ੍ਹਾਂ ਕਰਵਾਏ ਸਨ। ਪਰੰਤੂ ਐਸੋਸੀਏਸ਼ਨ ਵਲੋਂ ਹੁਣ ਇਹ ਰਜਿਟਰੇਸ਼ਨ ਬਿੱਲਕੁੱਲ ਮੁਫਤ ਕੀਤੀ ਜਾਂਦੀ ਹੈ।ਇਕੱਠੀ ਕੀਤੀ ਰਕਮ ਵਿੱਚੋਂ ਕੁੱਝ ਰਕਮ ਬੈਂਕ ਵਿੱਚ ਜਮ੍ਹਾਂ ਸੀ। ਐਸੋਸੀਏਸ਼ਨ ਦਾ ਮੱਤ ਸੀ ਕਿ ਇਹ ਰਾਸ਼ੀ ਸਬੰਧਤ ਵਿਅਕਤੀਆਂ ਨੂੰ ਵਾਪਸ ਕੀਤੀ ਜਾਵੇ ਪਰ ਇਸ ਮਸਲੇ ਦਾ ਕੋਈ ਹੱਲ ਨਾ ਹੋਣ ਕਾਰਣ ਇਹ ਅਕਾਊਂਟ ਸੀਜ਼ ਹੋ ਗਿਆ ਸੀ। ਜਥੇਬੰਦੀ ਦੇ ਲਗਾਤਾਰ ਅਤੇ ਅਣਥੱਕ ਯਤਨਾਂ ਦੇ ਸਿੱਟੇ ਵਜੋਂ ਹੁਣ ਇਹ ਰਾਸ਼ੀ ਐਸੋਸੀਏਸ਼ਨ ਨੂੰ ਪਰਾਪਤ ਹੋ ਚੁੱਕੀ ਹੈ।

ਐਸੋਸੀਏਸ਼ਨ ਵਲੋਂ ਇਸ ਮਸਲੇ ਨੂੰ ਹੱਲ ਕਰਨ ਲਈ ਮਤਾ ਪਾਸ ਕਰ ਦਿੱਤਾ ਗਿਆ ਹੈ ਜਿਸ ਅਨੁਸਾਰ ਐਸੋਸੀਏਸ਼ਨ ਇਹ ਸਾਰੀ ਰਕਮ ਸਬੰਧਤ ਵਿਅਕਤੀਆਂ ਵਿੱਚ ਵੰਡੇਗੀ।ਇਸ ਸਬੰਧ ਵਿੱਚ ਸਭ ਤੋਂ ਵੱਡੀ ਸਮੱਸਿਆ ਇਸ ਦੇ ਦਾਅਵੇਦਾਰਾਂ ਦੀ ਪਛਾਣ ਕਰਨ ਦੀ ਹੈ। ਕੁੱਝ ਸਮਾਂ ਪਹਿਲਾਂ 175 ਵਿਅਕਤੀਆਂ ਦੀ ਲਿਸਟ ਹੋਗਲ ਫਿਊਨਰਲ ਹੋਮ ਤੋਂ ਪ੍ਰਾਪਤ ਹੋਈ ਸੀ। ਇਸ ਲਿਸਟ ਤੋਂ ਬਿਨਾਂ ਹੋਰ ਵੀ ਕਈ ਵਿਅਕਤੀਆਂ ਦੇ ਫੋਨ ਐਸੋਸੀਏਸ਼ਨ ਦੇ ਅਹੁਦੇਦਾਰਾਂ ਕੋਲ ਅਕਸਰ ਆਉਂਦੇ ਰਹਿੰਦੇ ਹਨ। ਇਸ ਬਾਰੇ ਇਹ ਫੈਸਲਾ ਕੀਤਾ ਗਿਆ ਹੈ ਕਿ ਦਾਅਵੇਦਾਰ ਵਿਅਕਤੀ ਆਪਣੀ ਅਸਲ ਰਸੀਦ, ਹੋਗਲ ਫਿਊਨਰਲ ਹੋਮ ਦਾ ਰਜਿਸਟਰੇਸ਼ਨ ਪੱਤਰ, ਅਤੇ ਆਪਣੀ ਫੋਟੋ ਆਈ ਡੀ ਰਾਹੀਂ ਆਪਣੀ ਪਛਾਣ ਨੂੰ ਯਕੀਨੀ ਬਨਾਉਣ। ਇਸ ਕੰਮ ਨੂੰ ਪੂਰਾ ਕਰਨ ਲਈ ਆਖਰੀ ਮਿਤੀ 31 ਮਈ 2019 ਰੱਖੀ ਗਈ ਹੈ। ਇਸ ਤੋਂ ਬਾਦ ਕਿਸੇ ਵੀ ਦਾਅਵੇਦਾਰੀ ਨੂੰ ਪਰਵਾਨ ਕਰਨਾ ਸੰਭਵ ਨਹੀਂ ਹੋਵੇਗਾ। ਸਬੰਧਤ ਵਿਅਕਤੀਆਂ ਦੀ ਰਜਿਸਟਰੇਸ਼ਨ 10 ਸਤੰਬਰ 2015 ਤੋਂ ਪਹਿਲਾਂ ਦੀ ਹੋਈ ਹੋਵੇ।

ਇਸ ਕੰਮ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ 2-2 ਮੈਂਬਰੀ ਦੋ ਟੀਮਾਂ ਬਣਾਈਆਂ ਗਈਆਂ ਹਨ। ਪਹਿਲੀ ਟੀਮ ਵਿੱਚ ਪਰੀਤਮ ਸਿੰਘ ਸਰਾਂ 419-833-0567 ਅਤੇ ਹਰਦਿਆਲ ਸਿੰਘ ਸੰਧੂ 676-686-4201 ਹਨ ਜਿਹਨਾਂ ਨੂੰ ਹਫਤੇ ਦੇ ਪੰਜੇ ਦਿਨ 11 ਤੋਂ 2 ਵਜੇ ਤੱਕ ਕੈਸੀਕੈਂਬਲ ਕਮਿਊਨਿਟੀ ਸੈਂਟਰ ਵਿੱਚ ਆਪਣੀਆਂ ਰਸੀਦਾਂ ਜਮ੍ਹਾਂ ਕਰਵਾ ਸਕਦੇ ਹੋ।

ਦੂਜੀ ਟੀਮ ਵਿੱਚ ਪਰਮਜੀਤ ਬੜਿੰਗ 647-963-0331 ਅਤੇ ਜੰਗੀਰ ਸਿੰਘ ਸੈਂਭੀ 416-1409-0126 ਹਨ ਜਿਨ੍ਹਾਂ ਨੂੰ ਸੋਮਵਾਰ, ਮੰਗਲਵਾਰ, ਵੀਰ ਅਤੇ ਸ਼ੁੱਕਰਵਾਰ ਨੂੰ ਸ਼ਾਮ 4 ਵਜੇ ਤੋਂ 6 ਵਜੇ ਤੱਕ ਕਾਲਡਰਸਟੋਨ ਮਿੱਡਲ ਸਕੂਲ ਵਿੱਚ ਮਿਲਿਆ ਜਾ ਸਕਦਾ ਹੈ। ਪਰੇਸ਼ਾਨੀ ਤੋਂ ਬਚਣ ਲਈ ਪਹਿਲਾਂ ਫੋਨ ਕਰਕੇ ਆਇਆ ਜਾਵੇ।

ਐਸੋਸੀਏਸਨ਼ ਦੀ ਇਸ ਸ਼ੈਸ਼ਨ ਦੀ ਜਨਰਲ ਬਾਡੀ ਦੀ ਪਹਿਲੀ ਮੀਟਿੰਗ 9 ਮਈ ਦਿਨ ਵੀਰਵਾਰ 10:00 ਵਜੇ ਪਹਿਲਾਂ ਵਾਲੀ ਥਾਂ ਤੇ ਹੀ 50, ਸੰਨੀਮੀਡੋ ਤੇ ਕਮਰਾ ਨੰਬਰ 108 ਵਿੱਚ ਹੋਵੇਗੀ। ਸਮੂਹ ਜਨਰਲ ਬਾਡੀ ਮੈਂਬਰਾਂ ਨੂੰ ਇਸ ਮੀਟਿੰਗ ਵਿੱਚ ਹਾਜਰ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

# ਹੈਮਿਲਟਨ ’ਚ ਜਲ੍ਹਿਆਂ-ਵਾਲਾ ਕਾਂਡ ਸ਼ਤਾਬਦੀ ਸਮਾਰੋਹ ਸੰਪਨ








(ਹਰਜੀਤ ਬੇਦੀ): ਨੌਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਵਲੋਂ ਜਲ੍ਹਿਆਂਵਾਲਾ ਬਾਗ ਕਾਂਡ ਜੋ ਕਿ ਭਾਰਤ ਦੇ ਲੋਕਾਂ ਦੀ ਅੰਗਰੇਜੀ ਹਕੂਮਤ ਵਿਰੁੱਧ ਆਪਣੀ ਆਜ਼ਾਦੀ ਦੀ ਲੜਾਈ ਦਾ ਮੀਲ ਪੱਥਰ ਹੈ ਦਾ ਸ਼ਤਾਬਦੀ ਸਮਾਰੋਹ 21 ਅਪਰੈਲ 2019 ਦਿਨ ਐਤਵਾਰ ਨੂੰ ਹੈਮਿਲਟਨ ਕੰਨਵੈਨਸ਼ਨ ਸੈਂਟਰ ਵਿੱਚ ਮਨਾਇਆ ਗਿਆ। ਜਲ੍ਹਿਆਂ ਵਾਲਾ ਬਾਗ ਦਾ ਇਹ ਖੂਨੀ ਕਾਂਡ ਨਿਹੱਥੇ ਲੋਕਾਂ ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਭੁੰਨਣਾ ਸਾਮਰਾਜੀ ਜ਼ਬਰ ਅਤੇ ਜੰਗਲੀਪੁਣੇ ਦੀ ਭਿਆਨਕ ਉਦਾਹਰਣ ਹੈ। ਨਾਟਕਾਂ ਅਤੇ ਕੋਰੀਓ ਗ੍ਰਾਫੀਆਂ ਰਾਹੀਂ ਉਸ ਘਟਨਾ ਨੂੰ ਉਜਾਗਰ ਕਰਦਿਆਂ ਅਜੋਕੇ ਸਮੇਂ ਵਿੱਚ ਵੀ ਹੱਕ-ਸੱਚ ਅਤੇ ਬਰਾਬਰੀ ਦੇ ਸਮਾਜ ਦੀ ਮੰਗ ਕਰਦੇ ਲੋਕਾਂ ਤੇ ਹੋ ਰਹੇ ਤਸ਼ੱਦਦ ਨੂੰ ਰੂਪਮਾਨ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਦੇ 2005 ਵਿੱਚ ਹੋਂਦ ਵਿੱਚ ਆਉਣ ਤੋਂ ਬਾਦ ਜੀ ਟੀ ਏ ਤੋਂ ਬਾਹਰ ਸੁਸਾਇਟੀ ਦਾ ਇਹ ਪਹਿਲਾ ਪਰੋਗਰਾਮ ਸੀ। ਜੋ ਵਾਲੰਟੀਅਰਾਂ ਦੇ ਉੱਦਮ ਸਦਕਾ ਬੇਹੱਦ ਕਾਮਯਾਬ ਰਿਹਾ। ਹੈਮਿਲਟਨ ਤੋਂ ਬਿਨਾਂ ਸਟੋਨੀ ਕਰੀਕ , ਓਕਵਿੱਲ, ਬਰਲਿੰਗਟਨ ਤੇ ਹੋਰ ਛੋਟੇ ਕਸਬਿਆਂ ਦੇ ਲੋਕ ਪਰਿਵਾਰਾਂ ਸਮੇਤ ਹਾਜ਼ਰ ਹੋਏ।

ਪਰਬੰਧਕੀ ਟੀਮ ਵਿੱਚ ਸ਼ਾਮਲ ਕਮਲ ਸਰਾਂ ਨੇ ਨਾਟਕ ਟੀਮ ਅਤੇ ਆਏ ਹੋਏ ਲੋਕਾਂ ਦਾ ਧੰਨਵਾਦ ਕਰਨ ਤੋਂ ਬਾਦ ਬਲਦੇਵ ਰਹਿਪਾ ਨੂੰ ਸਟੇਜ ਦੀ ਜਿੰਮੇਵਾਰੀ ਸੰਭਾਲ ਦਿੱਤੀ। ਜਿਸ ਨੇ ਹੈਮਿਲਟਨ ਦੀ ਪਰਬੰਧਕੀ ਟੀਮ ਦੇ ਸੁਚੱਜੇ ਪਰਬੰਧ ਅਤੇ ਪਰੋਗਰਾਮ ਵਿੱਚ ਪਹੁੰਚੇ ਲੋਕਾਂ ਦਾ ਧੰਨਵਾਦ ਕਰਨ ਉਪਰੰਤ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ ਹੇਠ ਅਮੋਲਕ ਸਿੰਘ ਦਾ ਲਿਖਿਆ ਨਾਟਕ " ਜਲ੍ਹਿਆਂ ਵਾਲਾ ਬਾਗ ਦੀ ਵੰਗਾਰ" ਪੇਸ਼ ਕੀਤਾ । ਉਸ ਸਮੇਂ ਲੋਕਾਂ ਨੂੰ ਦਬਾਉਣ ਲਈ ਰੌਲਟ ਐਕਟ ਦੇ ਵਿਰੋਧ ਵਿੱਚ ਲੋਕਾਂ ਦੇ ਨਾਬਰ ਹੋਣ ਤੋਂ ਲੈ ਕੇ ਅਜੋਕੇ ਸਮੇਂ ਵਿੱਚ ਲੋਕਾਂ ਦੇ ਹੱਕਾਂ ਨੂੰ ਕੁਚਲਣ ਲਈ ਬਣਾਏ ਜਾ ਰਹੇ ਕਾਲੇ ਕਾਨੂੰਨਾਂ ਦੀ ਬਾਤ ਪਾਉਂਦਾ ਇਹ ਨਾਟਕ ਅਤਿਅੰਤ ਪ੍ਰਭਾਵਸ਼ਾਲੀ ਰਿਹਾ ਅਤੇ "ਲੋਕਾਂ ਨੂੰ ਕਾਲੇ ਕਾਨੂੰਨਾਂ ਰਾਹੀਂ ਦਬਾਇਆ ਨਹੀਂ ਜਾ ਸਕਦਾ" ਦਾ ਸੰਦੇਸ਼ ਦੇਣ ਵਿੱਚ ਕਾਮਯਾਬ ਰਿਹਾ। ਇਸ ਉਪਰੰਤ ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਨੇ ਤਰਕਸ਼ੀਲ ਅਤੇ ਵਿਗਿਆਨਕ ਸੋਚ ਅਪਣਾ ਕੇ ਸੋਹਣਾ ਸਮਾਜ ਸਿਰਜਣ ਲਈ ਆਪਣੇ ਵਿਚਾਰ ਪੇਸ਼ ਕੀਤੇ। ਇਸ ਉਪਰੰਤ ਦੂਜਾ ਨਾਟਕ ਦਰਸ਼ਨ ਮਿੱਤਵਾ ਦੁਆਰਾ ਲਿਖਤ "ਪ੍ਰੇਤ" ਖੇਡਿਆ ਗਿਆ ਜੋ ਲੋਕਾਂ ਨੂੰ ਫੋਕੇ ਵਹਿਮਾਂ ਭਰਮਾਂ ਤੋਂ ਸੁਚੇਤ ਰਹਿ ਕੇ ਆਪਣਾ ਜੀਵਣ ਬਤੀਤ ਕਰਨ ਦੀ ਗੱਲ ਕਹਿ ਗਿਆ।


ਕੋਰੀਓਗਰਾਫੀਆਂ ਪੇਸ਼ ਕਰਨ ਤੋਂ ਪਹਿਲਾਂ ਨਾਟਕਾਂ ਤੋਂ ਪਰਭਾਵਤ ਹੋ ਕੇ ਨਾਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ, ਨਾਟਕ ਨਿਰਦੇਸ਼ਕ ਹਰਵਿੰਦਰ ਦੀਵਾਨਾ ਅਤੇ ਸਮੂਹ ਕਲਾਕਾਰਾਂ ਦਾ ਇੰਨੇ ਵਧੀਆ ਨਾਟਕ ਪੇਸ਼ ਕਰਨ ਤੇ ਧੰਨਵਾਦ ਕਰਦੇ ਹੋਏ ਬੁੱਧ ਸਿੰਘ ਢਿੱਲੋਂ ਨੇ ਦਰਸ਼ਕਾਂ ਨੂੰ ਨਾਟਕ ਟੀਮ ਦੀ ਸਹਾਇਤਾ ਲਈ ਅਪੀਲ ਕੀਤੀ ਜਿਸ ਤੇ ਲੋਕਾਂ ਨੇ ਦਿਲ ਖੋਲ੍ਹ ਕੇ ਅਪੀਲ ਦਾ ਹੁੰਗਾਰਾ ਦਿੱਤਾ। ਕੋਰੀਓਗਰਾਫੀ ਬਾਦ ਪਰੋਗਰਾਮ ਦੇ ਖਤਮ ਹੋਣ ਤੇ ਦਰਸ਼ਕਾਂ ਨੇ ਖੜੇ ਹੋ ਕੇ ਨਾਟਕ ਟੀਮ ਦੇ ਕਲਾਕਾਰਾਂ ਨੂੰ ਦਾਦ ਦਿੱਤੀ। ਦਰਸ਼ਕਾਂ ਦੇ ਇਸ ਤਰ੍ਹਾਂ ਦੇ ਹੁੰਗਾਰੇ ਤੋਂ ਪਰੋਗਰਾਮ ਦੀ ਸਫਲਤਾ ਦੀ ਝਲਕ ਸਾਫ ਦਿਖਾਈ ਦੇ ਰਹੀ ਸੀ।

ਇਸ ਮੌਕੇ ਸੁਸਾਇਟੀ ਵਲੋਂ ਅਗਾਂਹ ਵਧੂ ਅਤੇ ਲੋਕ ਪੱਖੀ ਸਾਹਿਤ ਦੀਆਂ ਪੁਸਤਕਾਂ ਦੀ ਪਰਦਰਸ਼ਨੀ ਲਾਈ ਗਈ ਜਿਸ ਦਾ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ। ਇਸ ਪਰੋ-ਗਰਾਮ ਦੀ ਸਫਲਤਾ ਲਈ ਜਿੱਥੇ ਦਰਸ਼ਕਾਂ ਦਾ ਵੱਡਮੁੱਲਾ ਯੋਗਦਾਨ ਰਿਹਾ ਉੱਥੇ ਸ਼ਰਨਜੀਤ ਲਾਡੀ, ਗੁਰਬਚਨ ਧਾਲੀਵਾਲ, ਕਸ਼ਮੀਰ ਸਿੰਘ ਮਡਾਹਰ, ਦਰਸ਼ਨ ਸਿੰਘ ਧਾਲੀਵਾਲ ਅਤੇ ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਹ ਪਰੋਗਰਾਮ ਦਰਸ਼ਕਾਂ ਦੇ ਚੇਤੇ ਵਿੱਚ ਲੰਬੇ ਸਮੇਂ ਤੱਕ ਰਹੇਗਾ ।

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193
148-2960 Drew Road, Mississauga ON L4T 0A5 | Harcharan S. Grover



ਹਵਾਈ ਸਫਰ ਨੂੰ ਸੁਹਾਵਨਾ ਤੇ ਸੁੱਰਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
Minimum 1 year experience & Trained mechanic
•6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ •Biweekly payment
•Homely Environment •ਵਧੀਆ ਤਨਖਾਹ
Also need Body Shop Mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)



# ਸੰਪਾਦਕੀ

## ਜਗਮੀਤ ਸਿੰਘ ਦੀ ਹਿੰਮਤ ਸਾਹਵੇਂ ਕਮਿਊਨਿਟੀ ਲਈ ਸਬਕ

ਐਨ ਡੀ ਪੀ ਦੇ ਆਗੂ ਜਗਮੀਤ ਸਿੰਘ ਵੱਲੋਂ ਆਪਣੀ ਪੁਸਤਕ Love and Courage: My Story of Family, Resilience and Overcoming the Unexpected ਵਿੱਚ ਕੀਤੇ ਗਏ ਖੁਲਾਸੇ ਅੱਜ ਸਿਰਫ਼ ਕੈਨੇਡਾ ਵਿੱਚ ਹੀ ਨਹੀਂ ਸਗੋਂ ਵਿਸ਼ਵ ਭਰ ਵਿੱਚ ਹਾਂ ਪੱਖੀ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਉਸਨੇ ਬਹੁਤ ਹੀ ਬੇਬਾਕ ਢੰਗ ਨਾਲ ਅਜਿਹੀਆਂ ਗੱਲਾਂ ਕੀਤੀਆਂ ਹਨ ਜਿਹੜੀਆਂ ਨੂੰ ਆਮ ਮਨੁੱਖ ਸਹਿਣ ਤਾਂ ਕਰਦਾ ਹੈ ਪਰ ਕਬੂਲ ਨਹੀਂ ਕਰਦਾ। ਕਬੂਲ ਨਾ ਕਰਨ ਦਾ ਨਤੀਜਾ ਸਾਡੀ ਅਸਫ਼ਲਤਾ ਅਤੇ ਨਮੋਸ਼ੀ ਵਿੱਚ ਨਿਕਲਦਾ ਹੈ ਵਿਸ਼ੇਸ਼ ਕਰਕੇ ਜੇ ਅਜਿਹਾ ਵਰਤਾਰਾ ਪੰਜਾਬੀ ਭਾਈਚਾਰੇ ਦੇ ਮਰਦਾਂ ਨਾਲ ਵਾਪਰਿਆ ਹੋਵੇ।

ਜਗਮੀਤ ਸਿੰਘ ਨੇ ਆਪਣੀ ਪੁਸਤਕ ਵਿੱਚ ਉਹ ਗੱਲਾਂ ਲਿਖੀਆਂ ਹਨ (ਪੰਜਾਬੀ ਪੋਸਟ ਸੰਪਾਦਕੀ ਬੋਰਡ ਵੱਲੋਂ ਹਾਲੇ ਪੁਸਤਕ ਨਹੀਂ ਪੜੀ ਗਈ ਹੈ) ਜਿਹੜੀਆਂ ਮਨੁੱਖ ਨੂੰ ਚੰਗਾ ਮਨੁੱਖ ਬਣਨ ਵਿੱਚ ਸਹਾਈ ਹੁੰਦੀਆਂ ਹਨ ਖਾਸ ਕਰਕੇ ਕੈਨੇਡੀਅਨ ਲੈਂਡਸਕੇਪ ਵਿੱਚ ਵਿਚਰਦੇ ਇੰਮੀਗਰਾਂਟਾਂ ਦੇ ਪਰੀਪੇਖ ਵਿੱਚ । ਮਿਸਾਲ ਵਜੋਂ ਉਸਨੇ ਨਿੱਕੇ ਹੁੰਦੇ ਸਕੂਲ ਵਿੱਚ ਨਸਲੀ ਵਿਤਕਰੇ ਦਾ ਸ਼ਿਕਾਰ ਹੋਣ (ਖਾਸ ਕਰਕੇ ਕੱਟੇ ਵਾਲਾਂ ਤੋਂ ਬਾਅਦ ਜੂੜਾ ਅਤੇ ਪਟਕਾ ਬੰਨਣ ਤੋਂ ਬਾਅਦ), ਆਲੇ ਦੁਆਲੇ ਬੱਚਿਆਂ ਵੱਲੋਂ 'ਪਾਕੀ' ਸੰਬੋਧਨ ਕੀਤੇ ਜਾਣ ਆਦਿ ਦੀਆਂ ਘਟਨਾਵਾਂ ਅਤੇ ਉਹਨਾਂ ਨਾਲ ਜੂਝਦੇ ਹੋਏ ਅੱਗੇ ਵੱਧਣ ਦੀ ਯਾਤਰਾ। ਪਰ ਜਿਹੜੀਆਂ ਦੋ ਗੱਲਾਂ ਇਸ ਕਿਤਾਬ ਵਿੱਚ ਲਿਖਣ ਲਈ ਜਗਮੀਤ ਸਿੰਘ ਦੀ ਹਿੰਮਤ ਦੀ ਦਾਦ ਦੇਣੀ ਬਣਦੀ ਹੈ ਉਹ ਹਨ - ਉਸਦੇ ਟਾਇਕਵਾਂਡੂ ਕੋਚ ਵੱਲੋਂ ਜਗਮੀਤ ਸਿੰਘ ਦਾ ਜਿਣਸੀ ਸੋਸ਼ਣ ਕਰਨਾ ਅਤੇ ਉਸਦੇ ਪਿਤਾ ਦੇ ਸ਼ਰਾਬ ਦੀ ਆਦਤ ਕਾਰਣ ਪਰਿਵਾਰ ਉੱਤੇ ਪਿਆ ਪ੍ਰਭਾਵ।

ਜਗਮੀਤ ਸਿੰਘ ਇੱਕ ਫੈਡਰਲ ਪੱਧਰ ਦਾ ਸਿਆਸਤਦਾਨ ਹੈ ਅਤੇ ਆਪਣੀ ਗੱਲ ਨੂੰ ਕਈ ਪੱਖਾਂ ਤੋਂ ਵਿਚਾਰ ਕੇ ਸਾਹਮਣੇ ਲਿਆਉਣਾ ਸਿਆਸਤਦਾਨਾਂ ਦੀ ਲੋੜ ਹੁੰਦੀ ਹੈ। ਅਸੀਂ ਜਗਮੀਤ ਸਿੰਘ ਦੇ ਕੌੜੇ ਅਨੁਭਵਾਂ ਤੋਂ ਪੰਜਾਬੀ ਕਮਿਊਨਿਟੀ ਲਈ ਨਿਕਲਦੇ ਸਬਕਾਂ ਉੱਤੇ ਹੀ ਕੇਂਦਰਿਤ ਹੋਣਾ ਪਸੰਦ ਕਰਾਂਗੇ। ਕੈਨੇਡਾ ਵਿੱਚ ਬੱਚਿਆਂ ਦਾ ਜਿਣਸੀ ਸੋਸ਼ਣ ਹੋਣਾ ਇੱਕ ਆਮ ਵਰਤਾਰਾ ਹੈ ਜਿਸ ਬਾਰੇ ਵੱਖ 2 ਪਲੇਟਫਾਰਮਾਂ ਉੱਤੇ ਗੱਲ ਚੱਲਦੀ ਰਹਿੰਦੀ ਹੈ। ਮਿਸਾਲ ਵਜੋਂ ਕੈਨੇਡਾ ਦੇ ਜਸਟਿਸ ਵਿਭਾਗ (ਨਿਆਂ ਮੰਤਰਾਲੇ) ਵੱਲੋਂ ਤਿਆਰ ਕੀਤੀ ਗਈ ਰਿਪੋਰਟ SEXUAL ABUSE AND EXPLOITATION OF CHILDREN AND YOUTH: A FACT SHEET FROM THE DEPARTMENT OF JUSTICE CANADA ਵਿੱਚ ਦੱਸਿਆ ਗਿਆ ਕਿ 4 ਤੋਂ ਲੈ ਕੇ 7 ਸਾਲ ਉਮਰ ਦੇ ਲੜਕਿਆਂ ਦਾ ਜਿਣਸੀ ਸੋਸ਼ਣ ਹੋਣ ਦੇ ਆਸਾਰ ਹੋਰ ਉਮਰ ਦੇ ਲੜਕਿਆਂ ਨਾਲੋਂ ਤਿੰਨ ਗੁਣਾ ਵੱਧ ਹੁੰਦੇ ਹਨ। ਲੜਕੀਆਂ ਦਾ ਸੋਸ਼ਣ ਹੋਣ ਬਾਰੇ ਤਾਂ ਦੋ ਰਾਵਾਂ ਹੈ ਹੀ ਨਹੀਂ ਹਨ।

ਕਈ ਵਾਰ ਅਸੀਂ ਸੋਚਦੇ ਹੀ ਨਹੀਂ ਕਿ ਨਿੱਕੇ ਬੱਚਿਆਂ ਦਾ ਸੋਸ਼ਣ ਹੋਰ ਭਾਈਚਾਰਿਆਂ ਵਿੱਚ ਹੁੰਦਾ ਹੈ ਸਾਡੇ ਨਹੀਂ ਕਿਉਂਕਿ ਅਸੀਂ ਚੰਗੇ ਲੋਕ ਹਾਂ। ਕੌੜੀ ਹਕੀਕਤ ਇਹ ਹੈ ਕਿ ਹਰ ਕੋਚ, ਹਰ ਧਾਰਮਿਕ ਸਥਾਨ ਦਾ ਕਰਿੰਦਾ, ਹਰ ਅਧਿਆਪਕ ਅਤੇ ਹਰ ਰਿਸ਼ਤੇਦਾਰ ਦੋਸਤ ਚੰਗਾ ਨਹੀਂ ਹੁੰਦਾ। ਇਹਨਾਂ ਲੋਕਾਂ ਉੱਤੇ ਸਾਡਾ ਰੱਬ ਵਰਗਾ ਵਿਸ਼ਵਾਸ਼ ਹੁੰਦਾ ਹੈ ਇਹਨਾਂ ਵਿੱਚ ਕਈ ਅਜਿਹੇ ਅਨਸਰ ਹੁੰਦੇ ਹਨ ਜੋ ਵਿਸ਼ਵਾਸ਼ ਨੂੰ ਸਹਿਜਤਾ ਨਾਲ ਤੋੜ ਦੇਂਦੇ ਹਨ। ਅਜਿਹੇ ਲੋਕਾਂ ਤੋਂ ਸੁਚੇਤ ਹੋਣਾ ਲੋੜ ਦੇ ਨਾਲ 2 ਮਾਪਿਆਂ ਲਈ ਮਜਬੂਰੀ ਹੋਣਾ ਚਾਹੀਦਾ ਹੈ।

ਇਵੇਂ ਹੀ ਸ਼ਰਾਬ ਦੀ ਆਦਤ ਨਾਲ ਪਰਿਵਾਰ ਕਿਵੇਂ ਖਰਾਬ ਹੁੰਦੇ ਹਨ, ਜਗਮੀਤ ਸਿੰਘ ਦੀ ਕਹਾਣੀ ਇਸਨੂੰ ਜੱਗ ਜਾਹਰ ਤੱਥ ਨੂੰ ਹੋਰ ਸੰਜੀਦਾ ਤਰੀਕੇ ਨਾਲ ਉਭਾਰਦੀ ਹੈ। ਉਸਨੇ ਆਪਣੇ ਪੜੇ ਲਿਖੇ ਡਾਕਟਰ ਪਿਤਾ, ਜਿਸਨੂੰ ਉਹ ਬਹੁਤ ਪਰੇਮ ਕਰਦਾ ਹੈ, ਆਦਰ ਕਰਦਾ ਹੈ, ਦੀ ਕਹਾਣੀ ਦੱਸ ਕੇ ਇੱਕ ਉਪਕਾਰ ਕੀਤਾ ਹੈ। ਇਸ ਗੱਲ ਲਈ ਜਗਮੀਤ ਸਿੰਘ ਨੂੰ ਦਾਦ ਦੇਣੀ ਬਣਦੀ ਹੈ ਕਿ ਕਿਵੇਂ ਉਸਨੇ ਆਪਣੇ ਕਮਜ਼ੋਰ ਪਿਤਾ ਨੂੰ ਮਜ਼ਬੂਤ ਬਣਨ ਵਿੱਚ ਮਦਦ ਕੀਤੀ, ਆਪਣੇ ਪਰਿਵਾਰ ਖਾਸ ਕਰਕੇ ਆਪਣੀ ਮਾਤਾ, ਭਰਾ ਅਤੇ ਭੈਣ ਨੂੰ ਸਾਰਥਕ ਸੇਧ ਦਿੱਤੀ ਅਤੇ ਦਰਪੇਸ਼ ਔਕੜਾਂ ਨੂੰ ਆਪਣੀ ਨਿੱਜੀ ਸਫ਼ਲਤਾ ਦੇ ਰਾਹ ਵਿੱਚ ਅੜਿੱਕਾ ਨਹੀਂ ਦਿੱਤਾ।

ਜਗਮੀਤ ਸਿੰਘ ਦਾ ਆਪਣੇ ਨਿੱਜੀ ਜੀਵਨ ਦੇ ਸੰਘਰਸ਼ ਨੂੰ ਸਾਂਝਾ ਕਰਨਾ ਉਸਦੀ ਕਮਜ਼ੋਰੀ ਨਹੀਂ ਸਗੋਂ ਉਸਦੀ ਹਿੰਮਤ ਅਤੇ ਮਰਦਾਨਗੀ ਦਾ ਸਬੂਤ ਹੈ। ਉਸਦਾ ਆਪਣੇ ਕੌੜੇ ਅਨੁਭਵਾਂ ਨੂੰ ਇਸ ਲਈ ਸਾਂਝਾ ਕਰਨਾ ਕਿ ਲੋਕੀ ਉਸਤੋਂ ਸਬਕ ਲੈ ਸੱਕਣ, ਇੱਕ ਉਪਕਾਰ ਵਾਲਾ ਕੰਮ ਹੈ। ਕੀ ਜਗਮੀਤ ਸਿੰਘ ਨੇ ਇਹ ਅਨੁਭਵ ਸਿਆਸੀ ਲਾਭ ਲੈਣ ਦੀ ਗਰਜ਼ ਨਾਲ ਸਾਂਝੇ ਕੀਤੇ ਹਨ, ਇਸਦਾ ਸੱਚ ਉਸਨੂੰ ਖੁਦ ਪਤਾ ਹੋਵੇਗਾ। ਪਰ ਹਾਂ ਉਸਦੇ ਕੌੜੇ ਸੱਚ ਤੋਂ ਸਮੁੱਚਾ ਕੈਨੇਡਾ ਲਾਭ ਹਾਸਲ ਕਰ ਸਕਦਾ ਹੈ, ਇਸ ਬਾਰੇ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ। ਲੋੜ ਹੈ ਕਿ ਕੈਨੇਡਾ ਵੱਸਦਾ ਪੰਜਾਬੀ ਭਾਈਚਾਰਾ ਇਸਤੋਂ ਨਸਲੀ ਵਿਤਕਰੇ, ਜਿਣਸੀ ਸੋਸ਼ਣ ਅਤੇ ਨਸ਼ਿਆਂ ਦੇ ਨੁਕਸਾਨ ਪ੍ਰਤੀ ਸੁਚੇਤ ਹੋਵੇ। ਜੇਕਰ ਭਾਈਚਾਰਾ ਇਸ ਅਨੁਭਵ ਤੋਂ ਕੋਈ ਲਾਭ ਲੈ ਸਕੇਗਾ ਤਾਂ ਜਗਮੀਤ ਸਿੰਘ ਦੀ ਭਾਈਚਾਰੇ ਨੂੰ ਵੱਡੀ ਦੇਣ ਹੋਵੇਗੀ।

## ਪੰਜਾਬੀ ਭਾਸ਼ਣ ਮੁਕਾਬਲੇ 12 ਮਈ ਨੂੰ

ਮਾਲਟਨ, (ਡਾ. ਝੰਡ) -ਡਾ. ਗੁਰਨਾਮ ਸਿੰਘ ਢਿੱਲੋਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬੀ ਚੈਰਿਟੀ ਫ਼ਾਊਂਡੇਸ਼ਨ ਤੇ ਸਹਿਯੋਗੀ ਸੰਸਥਾਵਾਂ ਵੱਲੋਂ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਕੀਤੀਆਂ ਜਾ ਰਹੀਆਂ ਗ਼ਤੀਵਿਧੀਆਂ ਦੀ ਲੜੀ ਵਿਚ 12 ਮਈ 2019 ਨੂੰ ਬਾਅਦ ਦੁਪਹਿਰ 1.30 ਵਜੇ ਤੋਂ 5.00 ਵਜੇ ਤੱਕ ਪੰਜਾਬੀ ਭਾਸ਼ਨ ਮੁਕਾਬਲੇ ਕਰਵਾਏ ਜਾ ਰਹੇ ਹਨ ਜੋ ਕਿ ਲਿੰਕਨ ਐੱਮ ਅਲੈੱਗਜ਼ੈਂਡਰ ਸਕੂਲ ਵਿਚ ਹੋਣਗੇ।


ਪਿਛਲੇ ਸਾਲਾਂ ਦੇ ਪ੍ਰੋਗਰਾਮਾਂ ਤੋਂ ਪਤਾ ਲੱਗਦਾ ਹੈ ਕਿ ਮਾਪਿਆਂ ਅਤੇ ਬੱਚਿਆਂ ਦੇ ਮਨਾਂ ਵਿਚ ਇਨ੍ਹਾਂ ਭਾਸ਼ਨ ਮੁਕਾਬਲਿਆਂ ਲਈ ਕਾਫ਼ੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਨ੍ਹਾਂ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਵੱਖ-ਵੱਖ ਉਮਰ-ਵਰਗਾਂ ਦੇ ਬੱਚਿਆਂ ਲਈ ਹੇਠ ਲਿਖੇ ਵਿਸ਼ਿਆਂ ਦੀ ਚੋਣ ਕੀਤੀ ਗਈ ਹੈ:

1. ਜੇ.ਕੇ./ਐੱਸ.ਕੇ., ਗਰੇਡ 1-2 ਅਤੇ 3-4 ਲਈ ਵਿਸ਼ਾ 'ਬੱਚਿਆਂ ਦੀਆਂ ਚੰਗੀਆਂ ਆਦਤਾਂ ਦਾ ਵਿਕਾਸ' ਜਾਂ 'ਚੰਗਾ ਮਿੱਤਰ' ਰੱਖਿਆ ਗਿਆ ਹੈ ਅਤੇ ਉਨ੍ਹਾਂ ਨੂੰ ਬੋਲਣ ਲਈ 3-4 ਮਿੰਟ ਦਾ ਸਮਾਂ ਦਿੱਤਾ ਜਾਇਗਾ।
2. ਗਰੇਡ 5-6 ਦੇ ਬੱਚਿਆਂ ਲਈ ਵਿਸ਼ਾ 'ਬੱਚਿਆਂ ਦੀਆਂ ਚੰਗੀਆਂ ਆਦਤਾਂ ਅਤੇ ਚੰਗੇ ਆਚਰਣ ਦਾ ਵਿਕਾਸ' ਹੈ ਅਤੇ ਉਨ੍ਹਾਂ ਦੇ ਬੋਲਣ ਲਈ ਸਮਾਂ 4-6 ਮਿੰਟ ਹੈ।
3. ਗਰੇਡ 7-8 ਅਤੇ 9-10 ਦੇ ਬੱਚਿਆਂ ਲਈ ਵਿਸ਼ੇ 'ਬੱਚਿਆਂ ਦੀਆਂ ਚੰਗੀਆਂ ਆਦਤਾਂ ਅਤੇ ਚੰਗੇ ਆਚਰਣ ਦਾ ਵਿਕਾਸ' ਜਾਂ 'ਇਕ ਵਿਅੱਕਤੀ ਨੂੰ ਲੋਕਾਂ ਪ੍ਰਤੀ ਜ਼ਿੰਮੇਂਵਾਰ ਬਨਾਉਣ ਲਈ ਪੜ੍ਹਾਈ ਦਾ ਯੋਗਦਾਨ' ਹਨ ਅਤੇ ਉਨ੍ਹਾਂ ਨੂੰ ਵੀ 4-6 ਮਿੰਟ ਦਾ ਸਮਾਂ ਦਿੱਤਾ ਜਾਏਗਾ।
4. ਗਰੇਡ 11-12 ਦੇ ਬੱਚਿਆਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਬਾਲਗ਼ਾਂ ਲਈ ਬੋਲਣ ਦੇ ਵਿਸ਼ੇ ਵੀ ਉਪਰੋਕਤ, ਭਾਵ 'ਬੱਚਿਆਂ ਦੀਆਂ ਚੰਗੀਆਂ ਆਦਤਾਂ ਅਤੇ ਚੰਗੇ ਆਚਰਣ ਦਾ ਵਿਕਾਸ' ਜਾਂ 'ਇਕ ਵਿਅੱਕਤੀ ਨੂੰ ਲੋਕਾਂ ਪ੍ਰਤੀ ਜ਼ਿੰਮੇਂਵਾਰ ਬਨਾਉਣ ਲਈ ਪੜ੍ਹਾਈ ਦਾ ਯੋਗਦਾਨ' ਹੀ ਹਨ, ਪਰ ਉਨ੍ਹਾਂ ਨੂੰ ਇਨ੍ਹਾਂ ਵਿਸ਼ਿਆਂ ਉੱਪਰ ਬੋਲਣ ਲਈ ਸਮਾਂ 5-7 ਮਿੰਟ ਦਿੱਤਾ ਜਾਏਗਾ।

ਜੀ.ਟੀ.ਏ. ਵਿਚ ਵੱਸਦੇ ਪੰਜਾਬੀ ਪ੍ਰੇਮੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਬੱਚਿਆਂ ਸਮੇਤ ਵੱਧ ਤੋਂ ਵੱਧ ਗਿਣਤੀ ਵਿਚ ਇਨ੍ਹਾਂ ਭਾਸ਼ਣ ਮੁਕਾਬਲਿਆਂ ਵਿਚ ਸ਼ਾਮਲ ਹੋਣ ਤਾਂ ਜੋ ਕੈਨੇਡਾ ਵਿਚ ਆਪਣੇ ਬੱਚਿਆਂ ਨੂੰ ਪੰਜਾਬੀ ਨਾਲ ਜੋੜ ਕੇ ਆਪਣੀ ਵਿਰਾਸਤ ਅਤੇ ਕਦਰਾਂ-ਕੀਮਤਾਂ ਤੋਂ ਜਾਣੂੰ ਕਰਵਾਇਆ ਜਾ ਸਕੇ।


ਇਸ ਦੇ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਬਲਿਹਾਰ ਸਿੰਘ ਨਵਾਂਸ਼ਹਿਰ ਨੂੰ 647-297-8600, ਗਗਨਦੀਪ ਸਿੰਘ ਮਹਾਲੋਂ ਨੂੰ 416-558-3966 ਜਾਂ ਗੁਰਨਾਮ ਸਿੰਘ ਢਿੱਲੋਂ ਨੂੰ 647-287-2577 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਆਓ! ਰਲ਼ ਕੇ ਮਾਂ-ਬੋਲੀ ਬੋਲੀਏ ਤੇ ਸੁਣੀਏ। ਇਸ ਮੁਕਾਬਲੇ ਵਿਚ ਹਿੱਸਾ ਲੈਣ ਲਈ ਆਪਣਾ ਨਾਮ ਅਤੇ ਗਰੇਡ ਲਿਖ ਕੇ gurnam_dhillon@live.ca 'ਤੇ ਈ-ਮੇਲ ਕਰੋ, ਜੀ।




## ਜਗਮੀਤ ਸਿੰਘ ਨੇ ਆਪਣੀ ਕਿਤਾਬ ਰਾਹੀਂ ਸਾਂਝੇ ਕੀਤੇ ਜ਼ਿੰਦਗੀ ਦੇ ਕਈ "ਕੌੜੇ ਖੱਟੇ" ਤਜ਼ਰਬੇ

...ਪੰਨਾ 1 ਦਾ ਬਾਕੀ




ਆਪਣੇ ਇਸ ਜਿਨਸੀ ਸ਼ੋਸ਼ਣ ਬਾਰੇ ਜਗਮੀਤ ਸਿੰਘ ਨੇ ਆਪਣੀ ਕਿਤਾਬ ਵਿੱਚ ਵਿਸਥਾਰਪੂਰਬਕ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਨਿਯਮਿਤ ਤੌਰ ਉੱਤੇ ਉਸ ਵਿਅਕਤੀ ਵੱਲੋਂ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਕਈ ਸਾਲਾਂ ਬਾਅਦ ਜਦੋਂ ਯੈਲੋ ਪੇਜਿਜ਼ ਵਿੱਚ ਉਸ ਵਿਅਕਤੀ ਦਾ ਨਾਂ ਉਨ੍ਹਾਂ ਵੇਖਿਆ ਤਾਂ ਉਨ੍ਹਾਂ ਨੂੰ ਬੜੀ ਸ਼ਰਮਿੰਦਗੀ ਹੋਈ ਤੇ ਉਨ੍ਹਾਂ ਦੇ ਅੰਦਰ ਗੁੱਸਾ, ਬਦਲਾ ਲੈਣ ਦੀ ਇੱਛਾ ਤੇ ਇਨਸਾਫ ਹਾਸਲ ਕਰਨ ਦੀ ਇੱਛਾ ਪੈਦਾ ਹੋਈ ਪਰ ਇਸ ਗੱਲ ਦਾ ਖੁਲਾਸਾ ਉਨ੍ਹਾਂ ਪਹਿਲੀ ਵਾਰੀ ਇਸ ਕਿਤਾਬ ਰਾਹੀਂ ਕੀਤਾ। ਹਾਲਾਂਕਿ ਉਹ ਜਿਨਸੀ ਸ਼ੋਸ਼ਣ ਤੇ ਬੁਰੇ ਬਰਤਾਵ ਦਾ ਸ਼ਿਕਾਰ ਲੋਕਾਂ ਲਈ ਇਨਸਾਫ ਦੀ ਮੰਗ ਹਮੇਸ਼ਾਂ ਕਰਦੇ ਰਹੇ ਹਨ।

ਇੱਕ ਇੰਟਰਵਿਊ ਵਿੱਚ ਜਗਮੀਤ ਸਿੰਘ ਨੇ ਦੱਸਿਆ ਕਿ ਉਹ ਇਸ ਵੱਡੀ ਸੱਟ ਤੋਂ ਇਹ ਸਮਝਣ ਤੋਂ ਬਾਅਦ ਹੀ ਉਭਰ ਸਕੇ ਕਿ ਇਸ ਸੱਭ ਕਾਸੇ ਵਿੱਚ ਉਨ੍ਹਾਂ ਦੀ ਕੋਈ ਗਲਤੀ ਨਹੀਂ ਸੀ। ਉਨ੍ਹਾਂ ਆਖਿਆ ਕਿ ਹੁਣ ਜਦੋਂ ਉਨ੍ਹਾਂ ਕੋਲ ਫੈਡਰਲ ਪਾਰਟੀ ਲੀਡਰ ਦਾ ਮੰਚ ਹੈ ਤਾਂ ਉਹ ਹੋਰਨਾਂ ਦਾ ਭਲਾ ਕਰਨ ਦਾ ਮੌਕਾ ਗੁਆਉਣਾ ਨਹੀਂ ਸਨ ਚਾਹੁੰਦੇ। ਉਨ੍ਹਾਂ ਆਖਿਆ ਕਿ ਇਸ ਕਿਤਾਬ ਨਾਲ ਲੋਕਾਂ ਨੂੰ ਮਦਦ ਹੀ ਮਿਲੇਗੀ। ਇਹ ਕਿਤਾਬ ਕੋਈ ਸਿਆਸੀ ਯਾਦ ਪੱਤਰ ਨਹੀਂ ਹੈ ਸਗੋਂ 300 ਪੰਨਿਆਂ ਦੀ ਕਿਤਾਬ ਵਿੱਚ 40 ਸਾਲਾ ਜਗਮੀਤ ਸਿੰਘ ਨੇ ਆਪਣੀ ਜ਼ਿੰਦਗੀ ਦੇ ਕੌੜੇ ਖੱਟੇ ਤਜ਼ਰਬੇ ਸਾਂਝੇ ਕੀਤੇ ਹਨ। ਉਨ੍ਹਾਂ ਵਿਸਥਾਰ ਵਿੱਚ ਆਪਣੀ ਜਾਣ-ਪਛਾਣ ਕਰਵਾਈ ਹੈ ਤੇ ਸਿਆਸੀ ਪੱਧਰ ਉੱਤੇ ਉਭਰਨ ਦੀ ਆਪਣੀ ਕਹਾਣੀ ਬਿਆਨ ਕੀਤੀ ਹੈ। ਇਹ ਕਹਾਣੀ ਇੱਕ ਪਰਿਵਾਰ, ਪਿਆਰ ਤੇ ਹੌਸਲੇ ਦੀ ਮਿਸਾਲ ਹੈ।

ਜਗਮੀਤ ਸਿੰਘ ਨੇ ਇਸ ਕਿਤਾਬ ਵਿੱਚ ਆਪਣੇ ਪਰਿਵਾਰ ਦੀ ਆਰਥਿਤ ਸਥਿਤੀ, ਘਰੇਲੂ ਸੰਘਰਸ਼, ਆਪਣੇ ਪਿਤਾ ਦੀ ਸ਼ਰਾਬ ਦੀ ਆਦਤ ਦੇ ਪਰਿਵਾਰ ਉੱਤੇ ਪੈਣ ਵਾਲੇ ਪ੍ਰਭਾਵ ਤੇ ਉਨ੍ਹਾਂ ਦੀ ਇਸ ਆਦਤ ਵਿੱਚ ਸੁਧਾਰ ਬਾਰੇ ਵੀ ਦੱਸਿਆ ਹੈ। ਜਗਮੀਤ ਸਿੰਘ ਨੇ ਆਪਣੇ ਕੇਸਾਂ ਨੂੰ ਵਧਾਉਣ ਤੇ ਜੂੜਾ ਬਣਾ ਕੇ ਉਨ੍ਹਾਂ ਉੱਤੇ ਪਟਕਾ ਬੰਨ੍ਹਣ ਦੇ ਆਪਣੇ ਫੈਸਲੇ ਬਾਰੇ ਵੀ ਦੱਸਿਆ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਸੱਤ ਸਾਲ ਦੀ ਉਮਰ ਵਿੱਚ ਉਨ੍ਹਾਂ ਨੂੰ ਜਗਮੀਤ ਦੀ ਥਾਂ ਜਿੰਮੀ ਬੁਲਾਇਆ ਜਾਂਦਾ ਸੀ। ਪਰ ਕਲਾਸਮੇਟਸ ਵੱਲੋਂ ਬੁਲਿੰਗ ਕੀਤੇ ਜਾਣ ਤੋਂ ਬਾਅਦ ਸੱਭ ਬਦਲ ਗਿਆ। ਉਨ੍ਹਾਂ ਆਖਿਆ ਕਿ ਕੇਸ ਵਧਾਉਣ ਤੇ ਪਟਕਾ ਬੰਨ੍ਹਣ ਦਾ ਫੈਸਲਾ ਐਨੀ ਨਿੱਕੀ ਉਮਰ ਵਿੱਚ ਕਿਉਂ ਲਿਆ ਇਹ ਤਾਂ ਉਨ੍ਹਾਂ ਨੂੰ ਯਾਦ ਨਹੀਂ ਹੈ ਪਰ ਚੰਗਾ ਕੀਤਾ ਕਿ ਇਹ ਫੈਸਲਾ ਲਿਆ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਭਰਾ ਗੁਰਰਤਨ ਸਿੰਘ ਵੀ ਉਨ੍ਹਾਂ ਦੇ ਹੀ ਨਕਸ਼ੇ ਕਦਮਾਂ ਉੱਤੇ ਚੱਲ ਰਿਹਾ ਹੈ ਤੇ ਇਸ ਸਮੇਂ ਬਰੈਂਪਟਨ ਈਸਟ ਤੋਂ ਓਨਟਾਰੀਓ ਵਿਧਾਨਸਭਾ ਵਿੱਚ ਐਨਡੀਪੀ ਐਮਪੀਪੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਭਰਾ ਗੁਰਰਤਨ ਸਿੰਘ ਨੂੰ ਮਾੜੇ ਤਜਰਬੇ ਹੰਢਾਉਣੇ ਪਏ ਤੇ 9/11 ਦੇ ਹਮਲੇ ਤੋਂ ਬਾਅਦ ਉਨ੍ਹਾਂ ਨੂੰ "ਪਾਕੀ, ਡਰਟੀ ਤੇ ਡਾਇਪਰ ਹੈੱਡ" ਆਖ ਕੇ ਵੀ ਸੱਦਿਆ ਜਾਂਦਾ ਰਿਹਾ। ਉਨ੍ਹਾਂ ਆਖਿਆ ਕਿ ਫੈਡਰਲ ਐਨਡੀਪੀ ਲੀਡਰਸ਼ਿਪ ਦੇ ਪਿੜ ਵਿੱਚ ਕੁੱਦਣ ਦਾ ਫੈਸਲਾ ਉਨ੍ਹਾਂ ਵੱਲੋਂ ਹੰਢਾਈਆਂ ਚੁਣੌਤੀਆਂ ਤੋਂ ਪ੍ਰੇਰਿਤ ਹੋ ਕੇ ਹੀ ਲਿਆ ਗਿਆ। ਉਨ੍ਹਾਂ ਆਖਿਆ ਕਿ ਜਦੋਂ ਤੁਹਾਨੂੰ ਸਾਰੀ ਉਮਰ ਭੱਦਾ, ਗੰਦਾ ਜਾਂ ਅੱਤਵਾਦੀ ਆਖ ਕੇ ਸੱਦਿਆ ਜਾਂਦਾ ਰਿਹਾ ਹੋਵੇ ਤਾਂ ਅਜਿਹੇ ਵਿੱਚ ਖੁਦ ਨਾਲ ਪਿਆਰ ਕਰਨਾ ਆਪਣੇ ਆਪ ਵਿੱਚ ਹੀ ਹੌਸਲੇ ਵਾਲਾ ਕੰਮ ਹੈ।

ਉਨ੍ਹਾਂ ਆਖਿਆ ਕਿ ਖੁਦ ਕੀਤੇ ਅਜਿਹੇ ਸੰਘਰਸ਼ਾਂ ਤੇ ਹੋਰਨਾਂ ਦੇ ਸੰਘਰਸ਼ਾਂ ਬਾਰੇ ਸੋਚ ਕੇ ਜਦੋਂ ਉਨ੍ਹਾਂ ਖੁਦ ਲਈ ਤੇ ਹੋਰਨਾਂ ਲਈ ਖੜ੍ਹੇ ਹੋਣ ਤੇ ਲੜਨ ਦਾ ਫੈਸਲਾ ਕੀਤਾ ਤਾਂ ਉਨ੍ਹਾਂ ਕਦੇ ਪਿੱਛਾ ਭੌਂਅ ਕੇ ਨਹੀਂ ਵੇਖਿਆ। ਉਨ੍ਹਾਂ ਇਹ ਵੀ ਆਖਿਆ ਕਿ ਉਹ ਆਸ ਕਰਦੇ ਹਨ ਕਿ ਉਨ੍ਹਾਂ ਦੀ ਕਹਾਣੀ ਤੋਂ ਸਬਕ ਲੈ ਕੇ ਤੇ ਪ੍ਰੇਰਿਤ ਹੋ ਕੇ ਵੱਖਰੀ ਨਜ਼ਰ ਅਤੇ ਵਿਤਕਰੇ ਦਾ ਸਾਹਮਣਾ ਕਰਨ ਵਾਲੇ ਬੱਚੇ ਵੀ ਆਉਣ ਵਾਲੇ ਸਮੇਂ ਵਿੱਚ ਕੁੱਝ ਵੱਡਾ ਕਰ ਸਕਣਗੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Sodhi |
| **Marketing Executives** | Priya Sodhi<br>Kamaljeet Kaur |
| **Graphic Designer** | Satnam Singh |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਬੁਲਿੰਗ ਕਾਰਨ ਹੀ 9 ਸਾਲਾ ਸੀਰੀਆਈ ਰਫਿਊਜੀ ਬੱਚੀ ਨੇ ਕੀਤੀ ਸੀ ਖੁਦਕੁਸ਼ੀ?

...ਪੰਨਾ 1 ਦਾ ਬਾਕੀ

ਅਮਲ ਦੇ ਪਿਤਾ ਆਰਿਫ ਨੇ ਆਖਿਆ ਕਿ ਬੱਚੇ ਉਨ੍ਹਾਂ ਦੀ ਧੀ ਨਾਲ ਬੁਲਿੰਗ ਕਰ ਰਹੇ ਸਨ ਤੇ ਉਹ ਉਸ ਨੂੰ ਇਹ ਵੀ ਆਖਦੇ ਸਨ ਕਿ ਜਾਹ ਜਾ ਕੇ ਫਾਹਾ ਲੈ ਲਾ ਤੇ ਜਾਂ ਖੁਦਕੁਸ਼ੀ ਕਰ ਲੈ। ਅਮਲ ਦੇ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਨੂੰ ਬਾਕੀ ਬੱਚੇ ਤੇ ਹੋਰ ਰਫਿਊਜੀ ਬੱਚੇ ਬੇਵਕੂਫ ਤੇ ਬਦਸੂਰਤ ਆਖਦੇ ਸਨ। ਅਮਲ ਦੀ ਮੌਤ ਤੋਂ ਬਾਅਦ ਪੁਲਿਸ ਵੀ ਦਰਜਨਾਂ ਇੰਟਰਵਿਊਜ਼ ਕਰ ਚੁੱਕੀ ਹੈ ਪਰ ਅਜੇ ਤੱਕ ਕਿਸੇ ਉੱਤੇ ਵੀ ਕੋਈ ਚਾਰਜਿਜ਼ ਨਹੀਂ ਲਾਏ ਗਏ।

ਅਮਲ ਦੀ ਮੌਤ ਤੋਂ ਬਾਅਦ ਪਹਿਲੀ ਵਾਰੀ ਜਨਤਕ ਤੌਰ ਉੱਤੇ ਗੱਲ ਕਰਦਿਆਂ ਕੈਲਗਰੀ ਬੋਰਡ ਆਫ ਐਜੂਕੇਸ਼ਨ ਦੇ ਚੀਫ ਸੁਪਰਡੈਂਟ ਕ੍ਰਿਸਟੋਫਰ ਉਸੀਹ ਨੇ ਆਖਿਆ ਕਿ ਸ਼ਹਿਰ ਦੇ ਸਕੂਲਾਂ ਵਿੱਚ ਬੁਲਿੰਗ ਲਈ ਕੋਈ ਥਾਂ ਨਹੀਂ ਹੈ। ਉਸੀਹ ਨੇ ਨਾ ਤਾਂ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਅਮਲ ਨਾਲ ਬੁਲਿੰਗ ਹੋਈ ਤੇ ਨਾ ਹੀ ਇਹ ਪੁਸ਼ਟੀ ਕੀਤੀ ਕਿ ਅਮਲ ਦੀ ਮਾਂ ਸਕੂਲ ਆਈ ਸੀ ਪਰ ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੇ ਮਾਮਲਿਆਂ ਨਾਲ ਨਜਿੱਠਣ ਲਈ ਸਕੂਲ ਬੋਰਡ ਦੀ ਆਪਣੀ ਰਣਨੀਤੀ ਹੈ।

ਅਮਲ ਦੇ ਮਾਪਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦਾ ਗੁੱਸਾ ਹੈ ਕਿ ਸਕੂਲ ਬੋਰਡ ਨੇ ਉਨ੍ਹਾਂ ਦੀ ਬੱਚੀ ਦੇ ਮਾਮਲੇ ਨੂੰ ਸਿੱਧੇ ਤੌਰ ਉੱਤੇ ਸੰਬੋਧਨ ਨਹੀਂ ਕੀਤਾ। ਇਸ ਪਾਸੇ ਹੋਰ ਧਿਆਨ ਦੇਣ ਦੀ ਲੋੜ ਸੀ। ਤਿੰਨ ਸਾਲ ਪਹਿਲਾਂ ਇਹ ਪਰਿਵਾਰ ਸੀਰੀਆ ਵਿੱਚ ਜਾਰੀ ਹਿੰਸਾ ਤੋਂ ਬਚਣ ਲਈ ਇੱਥੇ ਆਇਆ ਸੀ। ਉਨ੍ਹਾਂ ਦੱਸਿਆ ਕਿ ਅਮਲ ਪਹਿਲਾਂ ਕੁੱਝ ਚਿਰ ਤਾਂ ਖੁਸ਼ ਰਹੀ ਪਰ ਜਦੋਂ ਚੌਥੀ ਕਲਾਸ ਵਿੱਚ ਉਸ ਨੂੰ ਮੈਥਸ ਨਾਲ ਦਿੱਕਤ ਹੋਣ ਲੱਗੀ ਤਾਂ ਉਸ ਨਾਲ ਬੁਲਿੰਗ ਸੁਰੂ ਹੋ ਗਈ।



# ਮਜ਼ਦੂਰ ਜਦੋਂ ਮਾਸਟਰ ਬਣਿਆ..

-ਸੰਜੀਵ ਧਰਮਾਣੀ

ਗੱਲ 1995 ਦੀ ਹੈ। ਘਰ ਦੀ ਆਰਥਿਕ ਹਾਲਤ ਬਹੁਤੀ ਠੀਕ ਨਾ ਹੋਣ ਕਰਕੇ 10ਵੀਂ ਦੇ ਪੇਪਰ ਦੇਣ ਤੋਂ ਬਾਅਦ ਪੜ੍ਹਾਈ ਵਿਚਾਲੇ ਛੁੱਟ ਗਈ ਤੇ ਰੋਟੀ ਟੁੱਕ ਦੇ ਪ੍ਰਬੰਧ ਲਈ ਰਾਜ ਮਿਸਤਰੀਆਂ ਨਾਲ ਮਜ਼ਦੂਰੀ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਉਸ ਸਮੇਂ ਦਿਹਾੜੀਦਾਰ ਮਜ਼ਦੂਰ ਨੂੰ 60-70 ਰੁਪਏ ਮਿਲਦੇ ਸਨ। ਪੜ੍ਹਾਈ ਛੁੱਟ ਜਾਣ ਦੀ ਚੀਸ ਜਿਹੀ ਅਕਸਰ ਪੈਂਦੀ ਰਹਿੰਦੀ ਸੀ, ਪਰ ਕੋਈ ਚਾਰਾ ਵੀ ਨਹੀਂ ਸੀ। ਸਿਰ ਸੁੱਟ ਕੇ ਦਿਹਾੜੀ ਦੱਪਾ ਕਰਨਾ ਪਿਆ। ਉਂਜ, ਪੜ੍ਹਾਈ ਦੌਰਾਨ ਸਿਲੇਬਸ ਵਾਲੀਆਂ ਕਿਤਾਬਾਂ ਦੇ ਨਾਲ ਅਖਬਾਰਾਂ, ਚੰਪਕ, ਕੌਮਿਕਸ, ਰਸਾਲੇ ਪੜ੍ਹਨ ਦਾ ਬਹੁਤ ਸ਼ੌਕ ਸੀ। ਜਦੋਂ ਵੀ ਕੋਈ ਆਇਆ ਗਿਆ ਰਿਸ਼ਤੇਦਾਰ ਪੰਜ ਦਸ ਰੁਪਏ ਦਿੰਦਾ, ਮੈਂ ਅਖਬਾਰਾਂ, ਰਸਾਲੇ ਖਰੀਦ ਕੇ ਪੜ੍ਹਦਾ ਸੀ। ਇਹ ਸ਼ੌਕ ਪੜ੍ਹਾਈ ਛੁੱਟਣ ਤੋਂ ਬਾਅਦ ਵੀ ਬਰਕਰਾਰ ਰਿਹਾ। ਹੁਣ ਮੈਂ ਸਗੋਂ ਰੋਜ਼ 60 ਰੁਪਏ ਕਮਾ ਲੈਂਦਾ ਸੀ। ਜਦੋਂ ਵੀ ਮਜ਼ਦੂਰੀ ਦੇ ਪੈਸੇ ਮਿਲਦੇ, ਮੈਂ ਖੁਸ਼ੀ-ਖੁਸ਼ੀ ਆਨੰਦਪੁਰ ਸਾਹਿਬ ਦੀ ਕਿਤਾਬਾਂ ਵਾਲੀ ਦੁਕਾਨ ਉਤੇ ਜਾ ਖੜਦਾ ਅਤੇ ਆਪਣੇ ਮਨਭਾਉਂਦੇ ਰਸਾਲੇ ਤੇ ਕਾਰਟੂਨਾਂ ਦੀਆਂ ਕਿਤਾਬਾਂ ਖਰੀਦ ਲਿਆਉਂਦਾ। ਵਿਹਲੇ ਸਮੇਂ ਦੌਰਾਨ ਇਹ ਸਮੱਗਰੀ ਪੜ੍ਹਦਾ ਰਹਿੰਦਾ।

ਇਕ ਦਿਨ ਸ਼ਾਮ ਹੋਣ ਸਮੇਂ ਕਿਤਾਬਾਂ ਦੀ ਦੁਕਾਨ 'ਤੇ ਗਿਆ, ਪਰ ਉਥੇ ਪਹਿਲਾਂ ਹੀ ਬਹੁਤ ਭੀੜ ਸੀ। ਉਪਰੋਂ ਮੇਰੇ ਹੱਥ ਪੈਰ ਤੇ ਕੱਪੜੇ ਸੀਮਿੰਟ ਨਾਲ ਖਰਾਬ ਹੋਏ ਪਏ ਸਨ। ਮੈਂ ਥੋੜ੍ਹੀ ਦੇਰ ਰੁਕਣ ਦਾ ਮਨ ਬਣਾ ਕੇ ਦੁਕਾਨ ਦੇ ਇਕ ਪਾਸੇ ਖੜਾ ਹੋ ਗਿਆ। 10-15 ਮਿੰਟ ਬਾਅਦ ਮੇਰੀ ਵਾਰੀ ਆਉਣ 'ਤੇ ਮੈਂ ਦੁਕਾਨਦਾਰ ਨੂੰ ਚੰਪਕ ਬਾਰੇ ਪੁੱਛਿਆ ਪਰ ਅੱਜ ਉਸ ਦੁਕਾਨਦਾਰ ਨੇ ਮੈਨੂੰ ਚੰਪਕ, ਕੌਮਿਕਸ ਜਾਂ ਕਾਰਟੂਨਾਂ ਵਾਲੀਆਂ ਕਿਤਾਬਾਂ ਨਹੀਂ ਦਿੱਤੀ, ਸਗੋਂ ਮੋਟੀ, ਸਾਧਾਰਨ ਜਿਹੀ ਦਿਸਣ ਵਾਲੀ ਤੇ ਬਿਨਾਂ ਚਿੱਤਰਾਂ ਵਾਲੀ ਕਿਤਾਬ ਦੇ ਕੇ ਕਿਹਾ, 'ਜ਼ਰਾ ਇਹਨੂੰ ਪੜ੍ਹ ਕੇ ਦੇਖੀਂ। ਨਾਲੇ ਹੁਣ ਤੂੰ ਬੱਚਾ ਨਹੀਂ ਰਿਹਾ, ਜੋ ਕਾਰਟੂਨਾਂ ਵਾਲੀਆਂ ਕਿਤਾਬਾਂ ਈ ਪੜ੍ਹੀ ਜਾਵੇਂ।'

ਉਸ ਦਿਨ ਮੈਂ ਕੁਝ-ਕੁਝ ਉਦਾਸ ਹੋ ਗਿਆ, ਕਿਉਂਕਿ ਦੁਕਾਨਦਾਰ ਨੇ ਮੇਰੀਆਂ ਮਨਪਸੰਦ ਕਿਤਾਬਾਂ ਮੈਨੂੰ ਨਹੀਂ ਸਨ ਦਿੱਤੀਆਂ। ਜੋ ਕਿਤਾਬ ਮੈਨੂੰ ਦਿੱਤੀ, ਇਹ ਸਵੇਟ ਮਾਰਡਨ ਦੀ ਮਸ਼ਹੂਰ ਕਿਤਾਬ ਸੀ, ਜਿਸ ਦਾ ਨਾਂ ਸੀ 'ਸਫਲਤਾ ਕਿਵੇਂ ਪ੍ਰਾਪਤ ਕਰੀਏ?' ਦਿਨ ਭਰ ਦੀ ਮਿਹਨਤ ਮਜ਼ਦੂਰੀ ਤੋਂ ਬਾਅਦ ਜਦੋਂ ਰਾਤ ਨੂੰ ਸਮਾਂ ਮਿਲਦਾ, ਮੈਂ ਇਹ ਕਿਤਾਬ ਪੜ੍ਹਨ ਬੈਠ ਜਾਂਦਾ। ਇਹ ਕਿਤਾਬ ਪੜ੍ਹ ਕੇ ਮੈਨੂੰ ਥੋੜ੍ਹੇ-ਥੋੜ੍ਹੇ ਸਮੇਂ ਦੀ ਸੁਚੱਜੀ ਵਰਤੋਂ ਕਰਨ, ਸਖਤ ਮਿਹਨਤ ਕਰਨ, ਜ਼ਿੰਦਗੀ ਦਾ ਉਦੇਸ਼ ਮਿਥਣ, ਪੜ੍ਹਾਈ ਕਰਨ, ਸਕਾਰ-ਾਤਮਕ ਤੇ ਆਸਵੰਦ ਨਜ਼ਰੀਆ ਰੱਖਣ ਅਤੇ ਸਿਦਕ ਸਿਰੜ ਰੱਖਣ ਦੀ ਸਿੱਖਿਆ ਮਿਲੀ। ਇਹ ਕਿਤਾਬ ਪੜ੍ਹਦਿਆਂ ਮੈਂ ਖਾਸ ਤੁਕਾਂ ਨੂੰ ਨਿਸ਼ਾਨੀਆਂ ਲਾ ਲਈਆਂ ਅਤੇ ਕਿਤਾਬ ਦੋ ਤਿੰਨ ਵਾਰ ਪੜ੍ਹ ਕੇ ਕਿਤਾਬ ਦੇ ਦੱਸੇ ਅਨੁਸਾਰ ਆਪਣੇ ਆਪ ਨੂੰ ਢਾਲਣਾ ਸ਼ੁਰੂ ਕਰ ਦਿੱਤਾ।

ਫਿਰ ਇਕ ਦਿਨ ਐਸਾ ਆਇਆ ਕਿ ਮੈਂ ਦੁਬਾਰਾ ਪੜ੍ਹਾਈ ਲਈ ਕਮਰ ਕੱਸ ਲਈ ਤੇ ਪ੍ਰਾਈਵੇਟ ਤੌਰ 'ਤੇ 12ਵੀਂ ਕਰ ਲਈ। ਫਿਰ ਇਸੇ ਰਾਹ ਤੁਰਦਿਆਂ ਗਿਆਨੀ, ਗਰੈਜੂਏਸ਼ਨ, ਪੋਸਟ ਗਰੈਜੂਏਸ਼ਨ ਅਤੇ ਹੋਰ ਪੜ੍ਹਾਈ ਕੀਤੀ। ਬਿਨਾਂ ਕਿਸੇ ਟਿਊਸ਼ਨ ਤੋਂ ਈ ਟੀ ਟੀ (ਅਧਿਆਪਕ ਕੋਰਸ) ਦੀ ਪ੍ਰਵੇਸ਼ ਪ੍ਰੀਖਿਆ ਨਵਾਂ ਸ਼ਹਿਰ ਤੋਂ ਤੀਜੇ ਸਥਾਨ 'ਤੇ ਰਹਿ ਕੇ ਪਾਸ ਕੀਤੀ। ਫਿਰ ਬੀ ਐਡ ਦਾ ਮੋਰਚਾ ਵੀ ਮਾਰ ਲਿਆ। ਉਸ ਦੁਕਾਨਦਾਰ ਵੱਲੋਂ ਦਿੱਤੀ ਕਿਤਾਬ ਦੀ ਬਦੌਲਤ ਅੱਜ ਮੈਂ ਮਜ਼ਦੂਰ ਤੋਂ ਸਰਕਾਰੀ ਅਧਿਆਪਕ ਤੱਕ ਦਾ ਸਫਰ ਤੈਅ ਕਰ ਲਿਆ ਹੈ। ਉਸ ਕਿਤਾਬ ਦੀ ਕੀਮਤ 40 ਰੁਪਏ ਤੇ ਦਿਨ ਦੀ ਮਜ਼ਦੂਰੀ ਇਸ ਤੋਂ ਥੋੜ੍ਹੀ ਜਿਹੀ ਵੱਧ ਸੀ। ਸੋਚਦਾ ਹਾਂ, ਓਦੋਂ ਕੀਤਾ ਕਿਤਾਬ ਦਾ ਇਹ ਸੌਦਾ ਕਿੰਨਾ ਖਰਾ ਨਿਕਲਿਆ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ


ਕਹਾਣੀ

# ਪੈਨਸ਼ਨ ਨਾਲ ਵਿਆਹ

-ਸੰਜੀਵ ਸਿੰਘ

ਕਈ ਦਿਨਾਂ ਬਾਅਦ ਅੱਜ ਪਿੰਡ ਗਿਆ ਸੀ, ਸਾਰੇ ਦੋਸਤਾਂ ਤੇ ਬਜ਼ੁਰਗਾਂ ਨੂੰ ਮਿਲਿਆ ਤੇ ਸੁੱਖ-ਦੁੱਖ ਫਰੋਲੇ। ਸੱਥ 'ਚ ਧੁੱਪ ਸੇਕਦੇ-ਸੇਕਦੇ ਕਈ ਤਾਸ਼ ਖੇਡ ਰਹੇ ਸਨ, ਕੁਝ ਉਨ੍ਹਾਂ ਨੂੰ ਹੱਲਾਸ਼ੇਰੀ ਦੇ ਰਹੇ ਸਨ, ਕੁਝ ਅਖਬਾਰ ਪੜ੍ਹ ਰਹੇ ਸਨ, ਕੁਝ ਆਪਣੀਆਂ ਨੂੰਹਾਂ-ਪੁੱਤਾਂ ਨੂੰ ਕੋਸ ਰਹੇ ਸਨ। ਮੈਂ ਉਨ੍ਹੰ ਕੋਲ ਜਾ ਕੇ ਸਾਈਕਲ ਤੋਂ ਹੇਠਾਂ ਇੱਕ ਲੱਤ ਭਾਰ ਹੋ ਕੇ ਸਾਈਕਲ ਦੀ ਕਾਠੀ 'ਤੇ ਬੈਠੇ-ਬੈਠੇ ਕਿਹਾ; 'ਸਤਿ ਸ੍ਰੀ ਅਕਾਲ ਬਜ਼ੁਰਗੋ।' ਸਭ ਨੇ ਆਪਣੇ-ਆਪਣੇ ਅੰਦਾਜ਼ ਵਿੱਚ ਅਸ਼ੀਰਵਾਦ ਦਿੱਤਾ। ਇੱਕ ਬਜ਼ੁਰਗ ਨੇ ਕਿਹਾ ਕਿ ਹੇਠਾਂ ਉਤਰ ਸਾਈਕਲ ਤੋਂ, ਮੇਰੀ ਤਾਸ਼ ਦੇ ਪੱਤੇ ਫੜ, ਮੈਂ ਜ਼ਰਾ ਘਰ ਜਾਣਾ। ਮੈਂ ਤਾਸ਼ ਫੜ ਕੇ ਇੱਟ 'ਤੇ ਬੈਠ ਗਿਆ, ਉਸ ਇੱਟ 'ਤੇ ਆਪਣਿਆਂ 'ਚ ਬੈਠਾ ਮੈਨੂੰ ਆਪਣਾ-ਆਪ ਬਾਦਸ਼ਾਹ ਤੋਂ ਘੱਟ ਨਹੀਂ ਸੀ ਲੱਗ ਰਿਹਾ ਅਤੇ ਇੱਟ ਇਸ ਤਰ੍ਹਾਂ ਲੱਗਦੀ ਸੀ ਜਿਵੇਂ ਸਿੰਘਾਸਨ ਹੋਵੇ।

ਪੱਤਾ ਸੁੱਟ ਕੇ ਮੈਂ ਕਿਹਾ; ਅੱਜ ਭਗਤਾ ਤਾਇਆ ਨੀ ਆਇਆ?

ਮੇਰੇ ਸਾਹਮਣੇ ਵਾਲਾ ਕਹਿਣ ਲੱਗਾ; ਤਾਇਆ ਗਿਆ ਹੋਣਾ ਹਨੀਮੂਨ ਮਨਾਉਣ, ਉਹ ਨਹੀਂ ਹੁਣ ਆਉਂਦਾ।

ਇਸ ਤੋਂ ਪਹਿਲਾਂ ਕਿ ਮੈਂ ਕੁਝ ਬੋਲਦਾ, ਇੱਕ ਹੋਰ ਬਜ਼ੁਰਗ ਕਹਿਣ ਲੱਗਾ, ਭਗਤੇ ਨੇ ਸਾਨੂੰ ਮੂੰਹ ਦਿਖਾਉਣ ਜੋਗਾ ਨਹੀਂ ਛੱਡਿਆ, ਸਾਡੇ ਪਿੰਡ ਦਾ ਨਾਂਅ ਬਦਨਾਮ ਕਰ ਦਿੱਤਾ ਹੈ, ਲੋਕ ਮਜ਼ਾਕ ਕਰਦੇ ਹਨ।

ਇੱਕ ਹੋਰ ਬੋਲਿਆ-ਦਿਮਾਗ ਖਰਾਬ ਹੋ ਗਿਆ ਤਾਏ ਦਾ।

ਮੈਂ ਬਹੁਤ ਹੈਰਾਨੀ ਨਾਲ ਕਿਹਾ; ਇੱਦਾਂ ਦਾ ਤਾਏ ਨੇ ਕੀ ਕਰਤਾ?

ਇੱਕ ਹੋਰ ਬੋਲਿਆ; ਸਾਡੇ ਸਿਰ ਸੁਆਹ ਪਾ 'ਤੀ, ਵਿਆਹ ਕਰਾ ਲਿਆ, 80 ਸਾਲ ਦੀ ਉਮਰ 'ਚ, ਉਹ ਵੀ ਆਪਣੀ ਸਕੀ ਨੂੰਹ ਨਾਲ।

ਮੈਂ ਇਕਦਮ ਕਿਹਾ, "ਤਾਇਆ ਇੱਦਾਂ ਨੀਂ ਕਰ ਸਕਦਾ, ਤਾਇਆ ਬਹੁਤ ਸਿਆਣਾ ਬੰਦਾ ਹੈ, ਪਾਕਿਸਤਾਨ ਨਾਲ ਦੋ ਲੜਾਈਆਂ ਲੜੀਆਂ ਉਹਨੇ ਤੇ ਇੰਨੇ ਐਵਾਰਡ ਲਏ ਫੌਜ ਤੋਂ ਤੇ ਸਾਡੇ ਪਿੰਡ ਦਾ ਨਾਂਅ ਰੋਸ਼ਨ ਕੀਤਾ ਹੈ।"

ਮੇਰਾ ਇੰਨਾ ਕਹਿਣ ਦੀ ਦੇਰ ਸੀ ਕਿ ਕਈ ਬਜ਼ੁਰਗ ਬੁੜ-ਬੁੜ ਕਰਦੇ ਉਠ ਕੇ ਚਲੇ ਗਏ। ਦੋ ਕੁ ਮਿੰਟ ਸ਼ਾਂਤੀ ਤੋਂ ਬਾਅਦ ਤਾਸ਼ ਦੀ ਖੇਡ ਵੀ ਬੰਦ ਹੋ ਗਈ ਤੇ ਸਭ ਆਪਣੇ ਆਪਣੇ ਘਰਾਂ ਨੂੰ ਚੱਲ ਪਏ। ਮੈਂ ਵੀ ਸਾਈਕਲ ਚੁੱਕ ਕੇ ਤਾਏ ਭਗਤੇ ਦੇ ਘਰ ਵੱਲ ਨੂੰ ਚੱਲ ਪਿਆ।

ਤਾਏ ਦਾ ਨਾਂਅ ਭਗਤ ਰਾਮ ਸੀ ਤੇ ਉਹ ਫੌਜ 'ਚੋਂ ਸੂਬੇਦਾਰ ਰਿਟਾਇਰ ਹੋਇਆ ਸੀ, ਖੇਤਾਂ 'ਚ ਖੂਹ 'ਤੇ ਰਹਿੰਦਾ ਸੀ। ਤਾਇਆ ਪਸ਼ੂਆਂ ਕੋਲ ਧੁੱਪੇ ਮੰਜਾ ਡਾਹ ਕੇ ਪਿਆ ਸੀ, ਦੇਖ ਕੇ ਉਠ ਕੇ ਬਹਿ ਗਿਆ। ਮੈਂ ਸਤਿ ਸ੍ਰੀ ਅਕਾਲ ਬੁਲਾ ਕੇ ਮੰਜੇ ਦੀ ਦੌਣ ਵਾਲੇ ਪਾਸੇ ਬੈਠ ਗਿਆ। ਮੈਂ ਕਿਹਾ ਹੋਰ ਤਾਇਆ, ਕਿੱਦਾਂ, ਸਿਹਤਾਂ ਵਲ ਆ? ਤਾਏ ਨੇ ਬਿਨਾਂ ਜਵਾਬ ਦਿੱਤੇ ਆਪਣੀ ਨੂੰਹ (ਜੋ ਉਸ ਦੀ ਹੁਣ ਪਤਨੀ ਸੀ) ਨੂੰ ਆਵਾਜ਼ ਮਾਰ ਕੇ ਕਿਹਾ: ਪਾਣੀ ਲਿਆ ਤੇ ਚਾਹ ਧਰਦੇ, ਮੁੰਡਾ ਸ਼ਹਿਰੋਂ ਆਇਆ।

ਉਸ ਦੀ ਨੂੰਹ ਮੈਨੂੰ ਪਾਣੀ ਫੜਾ ਕੇ ਅੰਦਰ ਚਲੀ ਗਈ। ਮੈਂ ਕਿਹਾ;ਤਾਇਆ ਪਿੰਡ ਆਲੇ ਕੀ ਗੱਲਾਂ ਕਰਦੇ ਆ?

ਤਾਏ ਦੀਆਂ ਸੁੱਕੀਆਂ ਅੱਖਾਂ 'ਚ ਇਕਦਮ ਨਮੀ ਆ ਗਈ, ਗਲਾ ਭਰ ਗਿਆ ਤੇ ਉਸ ਤੋਂ ਕੁਝ ਨਹੀਂ ਹੋਇਆ। ਕੁਝ ਰੁਕ ਕੇ ਮੈਂ ਫਿਰ ਕਿਹਾ, ਤਾਇਆ ਮੈਂ ਤੇਰੀ ਬਹੁਤ ਇੱਜ਼ਤ ਕਰਦਾ, ਪਰ ਲੋਕੀਂ ਕਹਿੰਦੇ ਤਾਏ ਨੇ ਆਪਣੀ ਨੂੰਹ ਨਾਲ ਵਿਆਹ ਕਰਵਾ ਕੇ ਸਾਡੇ ਪਿੰਡ ਦਾ ਨਾਂਅ ਖਰਾਬ ਕੀਤਾ ਹੈ।

ਤਾਇਆ ਭਰੇ ਗਲੇ ਨਾਲ ਬੋਲਿਆ, ਹਾਂ ਪੁੱਤਰਾ ਉਹ ਠੀਕ ਕਹਿੰਦੇ ਆ, ਕਿਉਂਕਿ ਉਹ ਮੇਰੀਆਂ ਮਜਬੂਰੀਆਂ ਨਹੀਂ ਜਾਣਦੇ।

ਮੈਂ ਕਿਹਾ; ਤਾਇਆ ਕੀ ਮਜਬੂਰੀ ਕਿ 80 ਸਾਲ ਦੀ ਉਮਰ 'ਚ ਵਿਆਹ ਕਰਵਾ ਲਿਆ, ਉਹ ਵੀ ਨੂੰਹ ਨਾਲ।

ਤਾਇਆ ਰੋ ਪਿਆ, ਮੈਂ ਉਸ ਨੂੰ ਝੂਠਾ ਜਿਹਾ ਦਿਲਾਸਾ ਦੇ ਕੇ ਫਿਰ ਕਹਿ ਦਿੱਤਾ, ਵਿਆਹ ਵਾਲੀ ਗੱਲ ਦੀ ਉਮੀਦ ਨਹੀਂ ਸੀ ਮੈਨੂੰ। ਤਾਏ ਨੇ ਆਪਣੇ-ਆਪ ਨੂੰ ਸੰਭਾਲਦੇ ਹੋਏ ਕਿਹਾ, ਇਹ ਮੇਰੀ ਨੂੰਹ ਨਹੀਂ ਹੈ, ਇਹ ਮੇਰੀ ਧੀ ਹੈ। ਇੰਨੇ ਨੂੰ ਤਾਏ ਦੀ ਨੂੰਹ ਚਾਹ ਕੇ ਲੈ ਕੇ ਆ ਗਈ। ਤਾਏ ਨੇ ਚਾਹ ਫੜ ਕੇ ਨੂੰਹ ਵੱਲ ਇਸ਼ਾਰਾ ਕਰ ਕੇ ਕਿਹਾ-ਮੈਂ ਇਸਦੇ ਬਹੁਤ ਤਰਲੇ ਮਿੰਨਤਾਂ ਕੀਤੀਆਂ ਕਿ ਮੇਰਾ ਮੁੰਡਾ ਮਰ ਗਿਆ ਹੈ, ਤੂੰ ਹੁਣ ਹੋਰ ਵਿਆਹ ਕਰਵਾ ਲੈ, ਇਹ ਨੀਂ ਮੰਨੀ। ਕਹਿੰਦੀ ਮੇਰੀ ਛੇ-ਸੱਤ ਸਾਲਾਂ ਦੀ ਧੀ ਹੈ (ਜੋ ਹੁਣ 14-15 ਸਾਲਾਂ ਦੀ ਹੋ ਚੁੱਕੀ ਸੀ) ਇਹ ਨੂੰ ਕਿਸੇ ਨੇ ਨਹੀਂ ਅਪਣਾਉਣਾ, ਮੈਂ ਇਥੇ ਹੀ ਠੀਕ ਹਾਂ।

ਤਾਇਆ ਰੋਣ ਲੱਗ ਪਿਆ, ਥੋੜ੍ਹੀ ਦੇਰ ਬਾਅਦ ਬੋਲਿਆ, ਇਹਨੇ ਮੇਰੇ ਕਹਿਣ 'ਤੇ ਵੀ ਹੋਰ ਵਿਆਹ ਨਹੀਂ ਕਰਵ-ਾਇਆ, ਇਥੇ ਡੰਗਰਾਂ ਨੂੰ ਪੱਠੇ ਪਾ-ਪਾ ਕੇ ਕਿੰਨੇ ਕੁ ਕਮਾ ਲਊਗੀ? ਮੈਂ ਇਸ ਨਾਲ ਕੋਰਟ ਮੈਰਿਜ ਕਰਵਾ ਲਈ ਹੈ ਤਾਂ ਕਿ ਮੇਰੇ ਮਰਨ ਤੋਂ ਬਾਅਦ ਮੇਰੀ ਫੈਮਿਲੀ ਪੈਨਸ਼ਨ ਇਸ ਨੂੰ ਲੱਗ ਜਾਵੇ। ਕੀ ਮੈਂ ਆਪਣੀ ਪੋਤੀ ਅਤੇ ਧੀਆਂ ਵਰਗੀ ਨੂੰਹ ਲਈ ਇੰਨਾ ਵੀ ਨਹੀਂ ਕਰ ਸਕਦ? ਸਮਾਜ ਅਤੇ ਪਿੰਡ ਦੀ ਮੈਨੂੰ ਕੋਈ ਪ੍ਰਵਾਹ ਨਹੀਂ ਹੈ, ਮੈਂ ਆਪਣੀ ਪੋਤੀ ਤੇ ਨੂੰਹ ਨੂੰ ਰੁਲਣ ਲਈ ਨਹੀਂ ਛੱਡ ਸਕਦਾ, ਦੋ ਕਿੱਲਿਆਂ ਦੀ ਖੇਤੀ ਨਾਲ ਗੁਜ਼ਾਰਾ ਨਹੀਂ ਹੋ ਸਕਦਾ।"

ਹੁਣ ਤਾਇਆ ਚਾਹ ਪੀ ਰਿਹਾ ਸੀ ਤੇ ਮੈਂ ਤਾਏ ਵਾਂਗੂੰ ਭਰੀਆਂ ਅੱਖਾਂ ਤੇ ਗਲੇ ਨਾਲ ਉਸ ਦੇ ਸਾਹਮਣੇ ਚੁੱਪਚਾਪ ਬੈਠਾ ਸੀ। ਮੈਂ ਤਾਏ ਨੂੰ ਸਲੂਟ ਮਾ-ਰਿਆ ਤੇ ਬਿਨਾਂ ਚਾਹ ਪੀਤੇ ਆਪਣੀ ਸਾਈਕਲ 'ਤੇ ਬੈਠ ਗਿਆ, ਕਿਉਂਕਿ ਇੰਨੇ ਮਹਾਨ ਫੌਜੀ ਸਾਹਮਣੇ ਮੇਰੀ ਕੋਈ ਔਕਾਤ ਨਹੀਂ ਸੀ ਤੇ ਮੈਂ ਉਸ ਦੇ ਸਾਹਮਣੇ ਰੋਣਾ ਵੀ ਨਹੀਂ ਸੀ ਚਾਹੁੰਦਾ। ਮੈਨੂੰ ਲੱਗ ਰਿਹਾ ਸੀ ਕਿ ਤਾਏ ਦੀ ਨੂੰਹ ਨੇ ਤਾਏ ਦੀ ਪੈਨਸ਼ਨ ਨਾਲ ਵਿਆਹ ਕਰਾਇਆ ਹੈ, ਉਨ੍ਹਾਂ ਦਾ ਤਾਂ ਹੁਣ ਵੀ ਪਿਓ-ਧੀ ਦਾ ਹੀ ਰਿਸ਼ਤਾ ਸੀ। ਮੇਰੀਆਂ ਨਜ਼ਰਾਂ ਵਿੱਚ ਤਾਇਆ ਅੱਜ ਤੀਜੀ ਜੰਗ ਵੀ ਜਿੱਤ ਗਿਆ, ਪਰ ਇਸ ਵਾਰ ਸਾਹਮਣੇ ਪਾਕਿਸਤਾਨ ਨਹੀਂ ਸੀ, ਸਗੋਂ ਆਪਣਾ ਪਿੰਡ ਸੀ।


# Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ, ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

**The Rules are changing For Real Estate Licence**

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# ਰੁਤਬੇ ਦੇ ਲਿਹਾਜ਼ ਨਾਲ ਵੀ ਖਾਸ ਨੇ ਇਹ 'ਆਮ ਚੋਣਾਂ'

-ਰਿਤੂਪਰਣ ਦਵੇ-

ਯਕੀਨੀ ਤੌਰ 'ਤੇ ਪੂਰਾ ਭਾਰਤ ਚੋਣ ਬੁਖਾਰ ਦੀ ਲਪੇਟ ਵਿੱਚ ਹੈ। ਬੇਸ਼ੱਕ ਨਵੀਂ ਸਰਕਾਰ ਬਾਰੇ ਸਿਆਸੀ ਪਾਰਟੀਆਂ ਸਮੇਤ ਵੋਟਰਾਂ 'ਚ ਵੀ ਅਟਕਲਾਂ ਦਾ ਦੌਰ ਚੱਲ ਰਿਹਾ ਹੋਵੇ, ਪਰ ਮੌਸਮ ਬਾਰੇ ਆਈ ਖਬਰ ਰਾਹਤ ਦੇਣ ਵਾਲੀ ਹੈ। ਪਿਛਲੇ ਤਿੰਨ ਸਾਲਾਂ ਵਾਂਗ ਇਸ ਵਾਰ ਵੀ ਮਾਨਸੂਨ ਨਾ ਸਿਰਫ ਆਮ ਵਾਂਗ ਰਹੇਗੀ ਸਗੋਂ 96 ਫੀਸਦੀ ਬਰਸਾਤ ਹੋਣ ਦੇ ਅੰਦਾਜ਼ੇ ਵੀ ਲਾਏ ਗਏ ਹਨ। ਜੂਨ ਤੋਂ ਬਾਅਦ ਚੰਗੀ ਬਰਸਾਤ ਦੀ ਗੱਲ ਕਹੀ ਜਾ ਰਹੀ ਹੈ, ਜੋ ਨਵੀਂ ਸਰਕਾਰ ਲਈ ਰਾਹਤ ਭਰੀ ਹੋਵੇਗੀ, ਪਰ ਇਹ ਵੀ ਸੱਚਾਈ ਹੈ ਕਿ ਆਰਥਿਕ ਤਰੱਕੀ ਬਾਰੇ ਅਜੇ ਤੱਕ ਕਾਫੀ ਕੁਝ ਸਾਫ ਨਹੀਂ। ਇਹ ਵੱਡਾ ਮੁੱਦਾ ਹੈ ਕਿਉਂਕਿ ਜਨਤਕ ਤੌਰ 'ਤੇ ਵੱਖ-ਵੱਖ ਸੋਮਿਆਂ ਤੋਂ ਆਏ ਰੋਜ਼ਗਾਰ ਦੇ ਅੰਕੜੇ ਨਿਰਾਸ਼ਾ ਹੀ ਪੈਦਾ ਕਰਦੇ ਹਨ। ਜੀ ਡੀ ਪੀ ਬਾਰੇ ਜੋ ਕੁਝ ਸਾਹਮਣੇ ਹੈ, ਉਹ ਗਿਰਾਵਟ ਤੋਂ ਬਾਅਦ ਵੀ ਆਸ ਵਧਾਉਣ ਵਾਲਾ ਹੈ। ਵਿਸ਼ਵ ਬੈਂਕ ਦੀ ਰਿਪੋਰਟ ਨੂੰ ਦੇਖੋ ਤਾਂ 2017 'ਚ ਭਾਰਤ ਦੀ ਅਰਥ ਵਿਵਸਥਾ 'ਚ ਨੋਟਬੰਦੀ ਅਤੇ ਜੀ ਐੱਸ ਟੀ ਕਾਰਨ ਗਿਰਾਵਟ ਦਰਜ ਕੀਤੀ ਗਈ, ਪਰ ਤਸੱਲੀ ਵਾਲੀ ਗੱਲ ਇਹ ਹੈ ਕਿ ਇਸ ਦੌਰਾਨ ਚੀਨ ਦੀ ਵਿਕਾਸ ਦਰ 6.9 ਫੀਸਦੀ ਰਹੀ, ਜਦ ਕਿ ਭਾਰਤ ਦੀ ਜੀ ਡੀ ਪੀ 'ਚ ਵਾਧਾ ਦਰ 6.7 ਫੀਸਦੀ ਸੀ। ਜੀ ਡੀ ਪੀ ਵਾਧਾ ਦਰ 2018-19 ਦੀ ਤੀਜੀ ਤਿਮਾਹੀ (ਅਕਤੂਬਰ-ਦਸੰਬਰ) ਵਿੱਚ 6.6 ਫੀਸਦੀ ਰਹੀ, ਜੋ ਖੇਤੀ, ਮਾਈਨਿੰਗ ਤੇ ਨਿਰਮਾਣ ਖੇਤਰ ਦੇ ਕਮਜ਼ੋਰ ਪ੍ਰਦਰਸ਼ਨ ਕਰ ਕੇ ਘਟੀ। ਹਾਲਾਂਕਿ ਆਰਥਿਕ ਵਾਧਾ ਦਰ ਦਾ ਇਹ ਅੰਕੜਾ ਪਿਛਲੀਆਂ ਪੰਜ ਤਿਮਾਹੀਆਂ 'ਚ ਸਭ ਤੋਂ ਘੱਟ ਰਿਹਾ। ਇਸ ਦੇ ਬਾਵਜੂਦ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧਦੀ ਅਰਥ ਵਿਵਸਥਾ ਬਣਿਆ ਹੋਇਆ ਹੈ, ਜੋ ਨਵੀਂ ਸਰਕਾਰ ਲਈ ਰਾਹਤ ਦੀ ਗੱਲ ਹੋਵੇਗੀ।

ਇਸੇ ਦੌਰਾਨ ਅਕਤੂਬਰ-ਦਸੰਬਰ ਦੀ ਤਿਮਾਹੀ ਵਿੱਚ ਚੀਨ ਦੀ ਆਰਥਿਕ ਵਾਧਾ ਦਰ 6.4 ਫੀਸਦੀ ਰਹੀ। ਵੱਖ-ਵੱਖ ਦੇਸ਼ਾਂ ਨੂੰ ਕ੍ਰੈਡਿਟ ਰੇਟਿੰਗ ਦੇਣ ਵਾਲੀ ਅਮਰੀਕੀ ਸੰਸਥਾ 'ਮੂਡੀਜ਼' ਨੇ ਭਾਰਤ ਦੀ ਅਰਥ ਵਿਵਸਥਾ ਦੇ ਕੈਲੰਡਰ ਵਰ੍ਹੇ 2019 ਤੇ 2020 'ਚ 7.3 ਫੀਸਦੀ ਦੀ ਦਰ ਨਾਲ ਵਾਧਾ ਹੋਣ ਦੀ ਆਸ ਪ੍ਰਗਟਾ ਕੇ ਸਾਡੇ ਵਧਦੇ ਰੁਤਬੇ ਦਾ ਸੰਕੇਤ ਦਿੱਤਾ ਹੈ। ਇਨ੍ਹਾਂ ਆਰਥਿਕ ਅੰਕੜਿਆਂ ਨਾਲ ਚੋਣ ਮੈਦਾਨ 'ਚ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਵੱਡੇ ਨੇਤਾਵਾਂ ਦੀ ਬਦਜ਼ੁਬਾਨੀ ਨੇ ਜਿੱਥੇ ਮੁੱਦਿਆਂ ਤੋਂ ਹਟ ਕੇ ਵੋਟਰਾਂ ਨੂੰ ਹੈਰਾਨ ਕੀਤਾ ਹੈ, ਉਥੇ ਧਾਰਮਿਕ ਆਧਾਰ 'ਤੇ ਵੋਟਾਂ ਦੇ ਧਰੁਵੀਕਰਨ ਦੀ ਖੇਡ ਵੀ ਚੱਲ ਰਹੀ ਹੈ, ਪਰ ਸਵਾਲ ਫਿਰ ਉਹੀ ਹੈ ਕਿ ਵਿਕਾਸ, ਰੋਜ਼ਗਾਰ ਤੇ ਗਰੀਬੀ ਦੇ ਅੰਕੜਿਆਂ ਦਰਮਿਆਨ ਦੇਸ਼ 'ਚ ਆਉਣ ਵਾਲੀ ਨਵੀਂ ਸਰਕਾਰ ਆਪਣੇ ਐਲਾਨਾਂ ਮੁਤਾਬਕ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰੇਗੀ?

ਜਿੱਥੇ ਭਾਜਪਾ ਨੇ 48 ਸਫਿਆਂ ਦੇ ਆਪਣੇ ਮੈਨੀਫੈਸਟੋ, ਜਿਸ ਨੂੰ 'ਸੰਕਲਪ ਪੱਤਰ' ਦਾ ਨਾਂਅ ਦਿੱਤਾ ਗਿਆ ਹੈ, ਵਿੱਚ ਸੈਂਕੜੇ ਵਾਅਦਿਆਂ ਤੇ ਪ੍ਰਾਪਤੀਆਂ ਵਿਚਾਲੇ ਖਾਸ ਤੌਰ ਉਤੇ 'ਭਾਰਤ ਦੀ ਆਜ਼ਾਦੀ ਦੇ 75 ਵਰ੍ਹਿਆਂ ਦੇ 75 ਸੰਕਲਪ' ਨਾਲ ਜ਼ਬਰਦਸਤ ਵਿਸ਼ਿਆਂ ਨੂੰ ਛੂਹਿਆ ਹੈ, ਓਥੇ ਦੂਜੇ ਪਾਸੇ ਕਾਂਗਰਸ ਦੇ 55 ਸਫਿਆਂ ਦੇ ਮਨੋਰਥ ਪੱਤਰ ਵਿੱਚ 53 ਪ੍ਰਮੁੱਖ ਬਿੰਦੂਆਂ ਦੇ ਸਾਰੇ ਉਪ-ਬਿੰਦੂਆਂ 'ਚ ਲੋਕ ਲੁਭਾਊ ਵਾਅਦਿਆਂ ਦੀ ਸ਼ੁਰੂਆਤ 'ਹਮ ਨਿਭਾਏਂਗੇ' ਨਾਲ ਕੀਤੀ ਅਤੇ ਵੋਟਰਾਂ 'ਚ ਭਰੋਸਾ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਸਹੀ ਹੈ ਕਿ ਭਾਰਤ ਦੇ ਨੱਬੇ ਕਰੋੜ ਵੋਟਰਾਂ 'ਚ 90 ਫੀਸਦੀ ਤੋਂ ਵੀ ਵੱਧ ਪਾਰਟੀ ਦੇ ਮਨੋਰਥ ਪੱਤਰਾਂ ਨੂੰ ਦੇਖਦੇ ਤੱਕ ਨਹੀਂ। ਉਹ ਸਿਰਫ ਟੀ ਵੀ ਚੈਨਲਾਂ ਤੇ ਅਖਬਾਰਾਂ ਦੇ ਜ਼ਰੀਏ ਵੱਖ-ਵੱਖ ਪਾਰਟੀਆਂ ਤੇ ਨੇਤਾਵਾਂ ਦੇ ਵਾਅਦਿਆਂ ਤੇ ਬਿਆਨਾਂ 'ਤੇ ਹੀ ਨਿਰਭਰ ਹੁੰਦੇ ਹਨ।

11 ਅਪ੍ਰੈਲ ਤੋਂ ਸ਼ੁਰੂ ਹੋਈਆਂ ਅਤੇ 19 ਮਈ ਤੱਕ ਚੱਲਣ ਵਾਲੀਆਂ ਭਾਰਤ ਦੀਆਂ ਆਮ ਚੋਣਾਂ 'ਤੇ ਪੂਰੀ ਦੁਨੀਆ ਦੀ ਨਜ਼ਰ ਹੈ, ਕਿਉਂਕਿ ਚੀਨ ਨੂੰ ਪਤਾ ਹੈ ਕਿ ਭਾਰਤ ਦੀ ਮਜ਼ਬੂਤ ਅਰਥ ਵਿਵਸਥਾ ਦੇ ਉਸ ਦੇ ਲਈ ਕੀ ਮਾਇਨੇ ਹਨ, ਉਹ ਵੀ ਉਦੋਂ ਜਦੋਂ ਵਿਸ਼ਵ ਬੈਂਕ ਪਹਿਲਾਂ ਹੀ ਕਹਿ ਚੁੱਕਾ ਹੈ ਕਿ ਭਾਰਤ 2025 ਤੱਕ ਦੁਨੀਆ ਦਾ ਤੀਜਾ ਵੱਡਾ ਬਾਜ਼ਾਰ ਹੋਵੇਗਾ। ਆਰਥਿਕ ਮੁੱਦਿਆਂ ਤੋਂ ਇਲਾਵਾ ਇਸ ਵਾਰ ਦੇ ਚੋਣ ਸਿਆਸੀ ਏਜੰਡੇ ਵੀ ਬੜੇ ਅਸਰਦਾਰ ਹੋਣਗੇ। ਜਿੱਥੇ ਭਾਜਪਾ ਦੁਬਾਰਾ ਸੱਤਾ ਵਿੱਚ ਆਉਣ ਤੋਂ ਬਾਅਦ ਇਕਸਾਰ ਸਿਵਲ ਕੋਡ ਲਾਗੂ ਕਰਾਉਣ, ਕਸ਼ਮੀਰ 'ਚੋਂ ਧਾਰਾ 370 ਅਤੇ 35-ਏ ਹਟਾਉਣ ਲਈ ਵਚਨਬੱਧ ਹੈ, ਸਰਸਰੀ ਤੌਰ 'ਤੇ ਭਾਜਪਾ ਦੇ ਐਲਾਨ ਲਗਭਗ 2014 ਵਾਲੇ ਵਾਅਦਿਆਂ ਅਤੇ ਭਾਵਨਾਵਾਂ ਵਰਗੇ ਹੀ ਲੱਗਦੇ ਹਨ। ਦੂਜੇ ਪਾਸੇ ਕਾਂਗਰਸ ਪੰਜ ਕਰੋੜ ਪਰਵਾਰਾਂ ਤੇ 25 ਕਰੋੜ ਲੋਕਾਂ ਨੂੰ ਹਰ ਸਾਲ 72 ਹਜ਼ਾਰ ਰੁਪਏ ਦਗੇ ਕੇ ਗਰੀਬੀ ਖਤਮ ਕਰਨ ਦੇ ਆਪਣੇ ਵਰ੍ਹਿਆਂ ਪੁਰਾਣੇ ਨਾਅਰੇ ਨੂੰ ਨਵੇਂ ਅੰਦਾਜ਼ ਕਹਿੰਦਿਆਂ 60 ਸਾਲ ਦੀ ਉਮਰ ਤੋਂ ਬਾਅਦ ਪੈਨਸ਼ਨ ਦੇਣਦੀ ਗੱਲ ਕਰ ਕੇ ਵੋਟਰਾਂ ਨੂੰ ਸੋਚਣ ਲਈ ਮਜਬੂਰ ਕਰਦੀ ਹੈ।

ਇਨ੍ਹਾਂ ਚੋਣਾਂ ਵਿੱਚ ਸਾਰੀਆਂ ਸਿਆਸੀ ਪਾਰਟੀਆਂ ਦਾ ਫੋਕਸ ਕਿਸਾਨਾਂ 'ਤੇ ਹੈ। ਭਾਜਪਾ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਸੰਕਲਪ ਦਿਖਾਉਂਦੇ ਹੋਏ ਖੇਤੀਬਾੜੀ ਅਤੇ ਕਿਸਾਨ ਕਲਿਆਣ ਨੀਤੀ, ਸਹਿਯੋਗਿਕ ਖੇਤਰਾਂ ਦੇ ਵਿਕਾਸ, ਸਿੰਜਾਈ, ਸਹਿਕਾਰਤਾ, ਤਕਨਾਲੋਜੀ ਦੀ ਵਰਤੋਂ, ਨੀਲੀ ਕ੍ਰਾਂਤੀ ਅਐ ਗ੍ਰਾਮ ਸਵਰਾਜ 'ਤੇ ਆਪਣਾ ਵਿਜ਼ਨ ਸਾਫ ਕਰਦੀ ਹੈ। ਕਾਂਗਰਸ ਪੰਡਿਤ ਜਵਾਹਰ ਲਾਲ ਨਹਿਰੂ ਦਾ ਹਵਾਲਾ ਦਿੰਦਿਆਂ 'ਸਭ ਕੁਝ ਉਡੀਕ ਕਰ ਸਕਦਾ ਹੈ, ਪਰ ਖੇਤੀ ਨਹੀਂ' ਲਿਖਦੇ ਹੋਏ 21 ਬਿੰਦੂਆਂ 'ਚ ਬਹੁਤ ਬਰੀਕੀ ਨਾਲ ਕਿਸਾਨਾਂ ਲਈ ਭਵਿੱਖੀ ਯੋਜਨਾਵਾਂ ਦਾ ਜ਼ਿਕਰ ਕਰਦੀ ਹੈ, ਪੂਰੇ ਦੇਸ਼ ਵਿੱਚ ਖੇਤਰੀ ਪਾਰਟੀਆਂ ਹਰ ਕਿਸੇ ਦੋਵਾਂ ਕੌਮੀ ਪਾਰਟੀਆਂ ਲਈ ਘੱਟ ਚੁਣੌਤੀ ਬਣਦੀਆਂ ਨਜ਼ਰ ਨਹੀਂ ਆ ਰਹੀਆਂ।

ਅਜਿਹੀ ਸਥਿਤੀ ਵਿੱਚ ਖੇਤਰੀ ਪਾਰਟੀਆਂ ਦੀ ਭੂਮਿਕਾ ਉਨ੍ਹਾਂ ਦੀ ਜਿੱਤ ਦੇ ਅੰਕੜਿਆਂ ਦੇ ਹਿਸਾਬ ਤੈਅ ਹੋਵੇਗੀ, ਜੋ ਨਵੀਂ ਸਰਕਾਰ ਲਈ ਆਪਣੇ ਹਿਸਾਬ ਨਾਲ 'ਕਿੰਗ ਮੇਕਰ' ਦੀ ਭੂਮਿਕਾ ਦੇ ਲਈ ਹੋਣਗੀਆਂ। ਯਕੀਨੀ ਤੌਰ 'ਤੇ ਬਿਨਾਂ ਗਠਜੋੜ ਦੇ ਨਵੀਂ ਸਰਕਾਰ ਬਣਨ ਬਾਰੇ ਸੋਚਣਾ ਫਜ਼ੂਲ ਹੈ। ਭਾਰਤੀ ਸਿਆਸਤ 'ਚ ਗਠਜੋੜ ਨਵਾਂ ਸਿਆਸੀ ਧਰਮ ਬਣ ਗਿਆ ਹੈ, ਜਿਸ ਨੂੰ ਨਿਭਾਏ ਬਿਨਾਂ ਕੋਈ ਵੀ ਸਰਕਾਰ ਨਹੀਂ ਬਣ ਸਕੇਗੀ। ਇਸ ਦੇ ਬਾਵਜੂਦ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਤੇ ਦੂਜੀ ਵੱਡੀ ਆਬਾਦੀ ਵਾਲੇ ਦੇਸ਼ ਭਾਰਤ ਵਿੱਚ ਅੱਤਵਾਦ, ਨਕਸਲਵਾਦ, ਘੁਸਪੈਠ ਦੀ ਸਮੱਸਿਆ, ਜਨ ਸਿਹਤ, ਔਰਤਾਂ ਦੀ ਭਲਾਈ, ਬਿਹਤਰ ਸਿਖਿਆ ਪ੍ਰਣਾਲੀ, ਤਕਨੀਕੀ ਵਿਕਾਸ ਵਰਗੀਆਂ ਅਹਿਮ ਸਮੱਸਿਆਵਾਂ ਤਾਂ ਹਨ ਹੀ, ਇਨ੍ਹਾਂ ਸਭ ਤੋਂ ਵਧ ਕੇ ਭ੍ਰਿਸ਼ਟਾਚਾਰ ਇੱਕ ਬੇਹੱਦ ਚੁਣੌਤੀਪੂਰਨ ਮੁੱਦਾ ਹੈ, ਜਿਸ ਨੇ ਬਹੁਤ ਹੀ ਡੂੰਘੀਆਂ ਜੜ੍ਹਾਂ ਜਮਾ ਲਈਆਂ ਹਨ ਤੇ ਇਸ 'ਤੇ ਕਾਬੂ ਪਾਉਣਾ ਟੇਢੀ ਖੀਰ ਹੈ। ਯਕੀਨੀ ਤੌਰ 'ਤੇ ਇਹ ਸਾਰੇ ਵਾਅਦੇ ਕਿਸੇ ਨਾ ਕਿਸੇ ਰੂਪ ਵਿੱਚ ਸਾਰੀਆਂ ਪਾਰਟੀਆਂ ਦੇ ਐਲਾਨਾਂ ਦਾ ਹਿੱਸਾ ਪਹਿਲਾਂ ਵੀ ਸਨ ਤੇ ਅੱਜ ਵੀ ਹਨ, ਪਰ ਅਫਸੋਸ ਕਿ ਇਨ੍ਹਾਂ 'ਤੇ ਕਿੰਨਾ ਕੁਝ ਹੋ ਸਕਿਆ ਹੈ, ਇਹ ਸਭ ਦੇ ਸਾਹਮਣੇ ਹੈ। ਇਸ ਦੇ ਬਾਵਜੂਦ ਇਹ ਆਮ ਚੋਣਾਂ ਇੱਕ ਵੱਖਰੇ ਨਜ਼ਰੀਏ ਨਾਲ ਦੇਖੀਆਂ ਜਾ ਰਹੀਆਂ ਹਨ, ਜੋ ਭਾਰਤ ਦੇ ਦੁਨੀਆ ਭਰ 'ਚ ਵਧਦੇ ਰੁਤਬੇ ਨੂੰ ਦਰਸਾਉਂਦਾ ਹੈ।

# ਭੰਗੜੇ ਦਾ ਉਦਗਮ ਅਤੇ ਵਿਕਾਸ

-ਡਾ. ਨਰਿੰਦਰ ਨਿੰਦੀ



ਭੰਗੜੇ ਦੇ ਇਤਿਹਾਸਕ ਪਿਛੋਕੜ ਨੂੰ ਖੋਜਣ ਤੋਂ ਪਹਿਲਾਂ ਇਸ ਦੇ ਮਿਥਿਹਾਸਕ ਪੱਖ 'ਤੇ ਝਾਤੀ ਮਾਰਨੀ ਲੋੜੀਂਦੀ ਹੈ। ਇਸ ਦੀ ਪਰਖ ਕਰਨ ਤੋਂ ਪਤਾ ਚੱਲਦਾ ਹੈ ਕਿ ਜਦੋਂ ਸ਼ਿਵਜੀ ਮਹਾਰਾਜ ਨੇ 'ਤਾਂਡਵ ਨ੍ਰਿਤ' ਨੱਚਿਆ ਤਾਂ ਉਨ੍ਹਾਂ ਨੇ ਭੰਗ ਦੀ ਲੋਰ ਵਿੱਚ ਅਨੇਕਾਂ ਨ੍ਰਿਤ ਮੁਦਰਾਵਾਂ ਦੀ ਸਿਰਜਣਾ ਕੀਤੀ। ਕਈ ਪਾਰਖੂ ਗੁਰੂ ਦੇਵਾਂ ਦਾ ਵਿਚਾਰ ਹੈ ਕਿ ਉਨ੍ਹਾਂ ਵਿੱਚੋਂ ਹੀ ਭੰਗੜੇ ਦਾ ਉਦਭਵ ਹੋਇਆ ਹੈ, ਉਹ ਭੰਗੜਾ ਦੇ ਸ਼ਬਦਿਕ ਅਰਥ 'ਭੰਗ+ਅੜਾ' ਭੰਗੜਾ ਪਾ ਲੈਂਦੇ ਹਨ ਜੋ ਮਸਤੀ ਵਿੱਚ ਨੱਚ-ਨੱਚ ਕੇ ਬੜ੍ਹਕਾਂ ਮਾਰਨ ਦੇ ਧਾਰਨੀ ਹਨ। ਅੱਜ ਕੱਲ੍ਹ ਅਸੀਂ ਦੇਖਦੇ ਹਾਂ ਕਿ ਸ਼ਿਵਜੀ ਦੇ ਭਗਤ ਸ਼ਿਵਰਾਤਰੀ ਨੂੰ ਸ਼ਿਵ ਦੁਆਲਿਆਂ ਵਿੱਚ ਭੰਗ ਪੀ ਕੇ ਬੜੀ ਮਸਤੀ ਨਾਲ ਭਜਨ ਗਾਉਂਦੇ ਤੇ ਨੱਚਦੇ ਹਨ।

ਪੁਰਾਤੱਤਵ ਵਿਗਿਆਨ ਦੀਆਂ ਖੋਜਾਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਲੋਕ ਨਾਚਾਂ ਦੇ ਚਿੰਨ੍ਹ ਲਗਭਗ ਪੰਜ ਹਜ਼ਾਰ ਸਾਲ ਪਹਿਲਾਂ ਸਿੰਧ ਘਾਟੀ ਦੀ ਖੁਦਾਈ ਵਿੱਚੋਂ ਲੱਭੀਆਂ ਲੱਭਤਾਂ 'ਚੋਂ ਦੇਖੇ ਜਾ ਸਕਦੇ ਹਨ। ਓਦੋਂ ਵੀ ਅੱਜ ਵਾਂਗ ਪਸ਼ੂਪਤੀ, ਸ਼ਿਵਜੀ, ਦੇਵੀ ਮਾਂ ਅਤੇ ਪਿੱਪਲ ਦੀ ਪੂਜਾ ਕੀਤੀ ਜਾਂਦੀ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਭੰਗੜੇ ਦਾ ਉਦਭਵ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਹੋ ਚੁੱਕਾ ਸੀ। ਉਸ ਸਮੇਂ ਲੋਕ ਮੇਲੇ ਮਨਾਉਂਦੇ ਅਤੇ ਖੇਤੀਬਾੜੀ ਕਰਦੇ ਸਨ। ਉਹ ਵਪਾਰ ਵਿੱਚ ਬਹੁਤ ਉਨਤੀ ਕਰ ਚੁੱਕੇ ਸਨ। ਉਹ ਗੀਤ, ਸੰਗੀਤ ਅਤੇ ਨਾਚ ਦੇ ਬਹੁਤ ਸ਼ੌਕੀਨ ਸਨ। ਹੜੱਪਾ ਅਤੇ ਮੋਹਿੰਜੋਦੜੋ ਦੀਆਂ ਖੁਦਾਈਆਂ ਵਿੱਚੋਂ ਮਿਲੀਆਂ ਮੂਰਤੀਆਂ ਅਤੇ ਤਾਂਬੇ ਦੀ ਨਾਚੀ ਕੁੜੀ ਦਾ ਬੁੱਤ ਇਸ ਦੇ ਉਤਮ ਨਮੂਨੇ ਹਨ। ਖੁਦਾਈ ਵਿੱਚੋਂ ਪਤਾ ਲੱਗਦਾ ਹੈ ਕਿ ਉਸ ਸਮੇਂ, ਢੋਲ, ਢੋਲਕ, ਅਲਗੋਜ਼ੇ ਤੇ ਬੰਸਰੀ ਵਰਗੇ ਸਾਜ਼ਾਂ ਨੂੰ ਔਰਤਾਂ ਵੀ ਵਜਾਉਂਦੀਆਂ ਸਨ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਇਨ੍ਹਾਂ ਸਾਜ਼ਾਂ ਨੂੰ ਜ਼ਰੂਰ ਮਨੋਰੰਜਨ ਕਰਨ ਵਾਸਤੇ ਨਾਚ, ਗਾਣਿਆਂ ਨਾਲ ਵਜਾਇਆ ਜਾਂਦਾ ਹੋਵੇਗਾ।

ਸਿੰਧ ਘਾਟੀ ਦੀ ਸੱਭਿਅਤਾ ਦੁਨੀਆ ਦੀਆਂ ਪ੍ਰਾਚੀਨ ਸੱਭਿਆਤਾਵਾਂ ਵਿੱਚੋਂ ਇੱਕ ਮੰਨੀ ਗਈ ਹੈ, ਜਿਹੜੀ ਪੁਰਾਤਨ ਪੰਜਾਬ ਦੀ ਧਰਤੀ 'ਤੇ ਹਿਮਾਲਾ ਪਰਬਤ ਤੋਂ ਲੈ ਕੇ ਸਿੰਧ ਸਾਗਰ ਤੱਕ ਫੈਲੀ ਹੋਈ ਸੀ। ਹੜੱਪਾ ਅਤੇ ਮੋਹਿੰਜੋਦੜੋ ਇਸ ਦੇ ਪ੍ਰਸਿੱਧ ਨਗਰ ਸਨ। ਵਿਦਵਾਨਾਂ ਦਾ ਮੱਤ ਹੈ ਕਿ ਆਧੁਨਿਕ ਭਾਰਤੀ ਸੱਭਿਅਤਾ ਅਤੇ ਸੰਸਕ੍ਰਿਤੀ ਦੀ ਉਸਾਰੀ ਸਿੰਧ ਘਾਟੀ ਦੀ ਸੱਭਿਅਤਾ ਦੀਆਂ ਨੀਂਹਾਂ 'ਤੇ ਹੋਈ ਹੈ। ਇਸ ਲਈ ਨਾਚ, ਨਾਟਕ ਅਤੇ ਹੋਰ ਕਲਾਵਾਂ ਦਾ ਉਦਭਵ ਸਾਨੂੰ ਉਸ ਦੀ ਹੀ ਮਹਾਨ ਦੇਣ ਹੈ। ਮੁੱਢ ਕਦੀਮ ਤੋਂ ਪੰਜਾਬ ਦੇ ਲੋਕ ਨਾਚ ਇਥੋਂ ਦੇ ਜਨ ਜੀਵਨ ਦਾ ਅਹਿਮ ਅੰਗ ਹਨ। ਪੰਜ ਹਜ਼ਾਰ ਪੂਰਵ ਈਸਵੀ ਤੋਂ ਅੱਜ ਤੱਕ ਇਥੇ ਜਨ ਜੀਵਨ ਵਿੱਚ ਅਨੇਕਾਂ ਭੌਤਿਕ, ਸਮਾਜਿਕ, ਧਾਰਮਿਕ, ਰਾਜਸੀ, ਆਰਥਿਕ ਤਬਦੀਲੀਆਂ ਆਈਆਂ ਹਨ। ਦਰਾਵੜਾਂ ਤੋਂ ਅੰਗਰੇਜ਼ਾਂ ਦੀ ਆਮਦ ਤੱਕ ਕਈ ਕਬੀਲਿਆਂ ਨੇ ਇਸ ਖੇਤਰ ਦੇ ਸੱਭਿਆਚਾਰਕ ਇਤਿਹਾਸ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕੀਤੀਆਂ ਹਨ। ਅਨੇਕਾਂ ਤਰ੍ਹਾਂ ਦੀ ਗੜਬੜ ਤੇ ਅਸ਼ਾਂਤੀ ਦੇ ਬਾਵਜੂਦ ਇਸ ਧਰਤੀ 'ਤੇ ਲੋਕ ਨਾਚ ਨੱਚੇ ਜਾਂਦੇ ਹਨ, ਜਿਨ੍ਹਾਂ ਨੇ ਇਥੋਂ ਦੇ ਜਨ ਜੀਵਨ ਵਿੱਚ ਖੇੜਾ ਭਰ ਕੇ ਰੱਖਿਆ। ਇਥੋਂ ਦੇ ਲੋਕ ਨਾਚ ਲੌਕਿਕ ਪ੍ਰਕਿਰਤੀ ਰੱਖਦੇ ਹਨ। ਖੁਸ਼ੀ ਦੇ ਬੇਕਾਬੂ ਅਤੇ ਬੇਰੋਕ ਉਛਾਲੇ ਨੂੰ ਗੱਭਰੂ ਤੇ ਮੁਟਿਆਰਾਂ ਮਸਤੀ ਨਾਲ ਨੱਚਦੇ ਰਹੇ ਹਨ।

ਕਈ ਮਾਨਵੀ ਇਤਿਹਾਸਕ ਤੱਥ ਗਵਾਹੀ ਭਰਦੇ ਹਨ ਕਿ ਜਦੋਂ ਕੋਈ ਕਬੀਲਾ ਕਿਸੇ ਦੂਜੇ ਕਬੀਲੇ 'ਤੇ ਜਿੱਤ ਪ੍ਰਾਪਤ ਕਰਦਾ ਜਾਂ ਕੋਈ ਸ਼ਿਕਾਰ ਕਰਦਾ ਤਾਂ ਸਾਰੇ ਕਬੀਲੇ ਦੇ ਲੋਕ ਜਸ਼ਨ ਮਨਾਉਂਦੇ ਤੇ ਖੁਸ਼ੀ ਵਿੱਚ ਨੱਚਦੇ। ਜਦੋਂ ਨੱਚਣ ਵਾਸਤੇ ਉਨ੍ਹਾਂ ਨੂੰ ਰਿਦਮ ਦੀ ਲੋੜ ਮਹਿਸੂਸ ਹੋਈ, ਉਨ੍ਹਾਂ ਨੇ ਧਰਤੀ ਵਿੱਚ ਟੋਆ ਪੁੱਟ ਕੇ ਉਤੇ ਖੱਲ ਨੂੰ ਲੱਕੜ ਦੀਆਂ ਕਿਲੀਆਂ ਗੱਡ ਕੇ ਇਕ ਢੋਲ ਤਿਆਰ ਕੀਤਾ ਤੇ ਉਨ੍ਹਾਂ ਆਦਿ ਵਾਸੀਆਂ ਨੇ ਇਸ ਨੂੰ ਵਜਾ ਕੇ ਨੱਚਣਾ ਸ਼ੁਰੂ ਕਰ ਦਿੱਤਾ। ਇਕ ਦਿਨ ਕਿਸੇ ਆਦਿ ਵਾਸੀ ਨੂੰ ਜੰਗਲ ਵਿੱਚੋਂ ਲੱਕੜ ਦੇ ਮੋਛੇ ਦਾ ਇਕ ਖੋਲ ਲੱਭਾ ਤਾਂ ਉਸ ਨੇ ਬੜੀ ਤਰਕੀਬ ਨਾਲ ਉਸ ਉਤੇ ਮਰੇ ਹੋਏ ਸ਼ਿਕਾਰ ਦੀ ਖੱਲ ਲਪੇਟ ਕੇ ਢੋਲ ਤਿਆਰ ਕੀਤਾ, ਜਿਹੜਾ ਲੱਕੜ ਦੇ ਡੰਡੇ (ਡੱਗੇ) ਮਾਰਨ 'ਤੇ ਦੋਵੇਂ ਪਾਸਿਆਂ ਤੋਂ ਵੱਜਦਾ, ਹੁਣ ਸਾਰਾ ਕਬੀਲਾ ਆਪਣੇ ਕੰਮਕਾਜ ਤੋਂ ਵਿਹਲਾ ਹੋ ਕੇ ਇਸ ਨੂੰ ਵਜਾਉਂਦਾ ਤੇ ਨੱਚ-ਨੱਚ ਕੇ ਮਨੋਰੰਜਨ ਕਰਨ ਲੱਗਾ। ਉਹ ਲੋਕ ਕਿਸੇ ਵੀ ਮੰਗਲ ਕਾਰਜ ਸਮੇਂ ਘੰਟਿਆਂਬੱਧੀ ਨੱਚਦੇ ਰਹਿੰਦੇ। ਹੌਲੀ-ਹੌਲੀ ਉਨ੍ਹਾਂ ਨੇ ਜੰਗਲਾਂ ਬੇਲਿਆਂ ਨੂੰ ਪੱਧਰਾ ਕਰਕੇ ਖੇਤੀਬਾੜੀ ਯੋਗ ਬਣਾਇਆ ਤੇ ਬੜੀ ਸੋਚ ਵਿਚਾਰ ਕੇ ਆਪਣੇ ਚੰਗੇ ਜੀਵਨ ਵਸੇਬੇ ਦੀ ਵਿਉਂਤਬੰਦੀ ਕੀਤੀ।

ਮਿਹਨਤਕਸ਼ ਪੰਜਾਬੀਆਂ ਨੇ ਜੰਗਲ ਬੇਲਿਆਂ ਨੂੰ ਆਬਾਦ ਕਰਕੇ ਇਸ ਭੂਮੀ ਨੂੰ ਖੇਤੀਬਾੜੀ ਯੋਗ ਬਣਾ ਕੇ ਆਪਣਾ ਜੀਵਨ ਬਸਰ ਕਰਨਾ ਸ਼ੁਰੂ ਕੀਤਾ। ਇਥੇ ਵਹਿੰਦੇ ਦਰਿਆਵਾਂ ਨੇ ਇਸ ਧਰਤੀ ਦੀ ਉਪਜ ਨੂੰ ਚਾਰ ਚੰਨ ਲਾ ਦਿੱਤੇ। ਉਨ੍ਹਾਂ ਨੇ ਹੱਡ ਭੰਨਵੀਂ ਕਮਾਈ ਕਰਕੇ ਖੇਤੀ ਵਿੱਚ ਚੰਗੀ ਮੁਹਾਰਤ ਹਾਸਲ ਕੀਤੀ। ਆਰੀਆ ਲੋਕਾਂ ਨੇ ਇਥੇ ਖੁਸ਼ਹਾਲ ਤੇ ਹਰਿਆਲੀ ਨੂੰ ਦੇਖ ਕੇ ਇਸ ਧਰਤੀ 'ਤੇ ਪੱਕੇ ਡੇਰੇ ਲਾ ਲਏ। ਉਹ ਸ਼ੁਰੂ-ਸ਼ੁਰੂ ਵਿੱਚ ਪਸ਼ੂ ਪਾਲਣ ਵਾਲੇ ਚਰਵਾਹੇ ਸਨ, ਜਿਹੜੇ ਚਾਰੇ ਦੀ ਭਾਲ ਵਿੱਚ ਮੱਧ ਏਸ਼ੀਆ ਤੋਂ ਇਥੇ ਆਏ ਸਨ। ਉਨ੍ਹਾਂ ਨੇ ਪੰਜਾਬ ਦੇ ਦਰਿਆਵਾਂ ਦੇ ਕੰਢਿਆਂ ਅਤੇ ਜੰਗਲਾਂ ਵਿੱਚ ਤਪ ਕਰਕੇ ਸ਼ਾਸਤਰਾਂ ਦੀ ਰਚਨਾ ਕੀਤੀ। ਫਿਰ ਉਪਨਿਸ਼ਦਾਂ, ਰਾਮਾਇਣ ਅਤੇ ਮਹਾਂਭਾਰਤ ਵਰਗੇ ਮਹਾਂਕਾਵਿ ਵੀ ਇਸ ਧਰਤੀ 'ਤੇ ਰਚੇ ਗਏ। ਆਦਿ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਰਚਨਾ ਵੀ ਪੰਜਾਬ ਦੀ ਧਰਤੀ 'ਤੇ ਹੀ ਹੋਈ।

ਕਹਿੰਦੇ ਹਨ ਮਿਹਨਤਕਸ਼ ਪੰਜਾਬੀਆਂ ਨੇ ਜਦੋਂ ਪਹਿਲੀ ਵਾਰ ਆਪਣੇ ਖੇਤਾਂ ਵਿੱਚ ਕਣਕ ਦੀ ਫਸਲ ਨੂੰ ਸੁਨਹਿਰੀ ਸਿੱਟੇ ਪੈਂਦੇ ਦੇਖੇ ਤਾਂ ਉਹ ਆਪਣੀ ਮਿਹਨਤ ਨੂੰ ਪਿਆ ਫਲ ਦੇਖ ਕੇ ਖੁਸ਼ੀ ਨਾਲ ਝੂਮ ਉਠੇ:

ਖੇਤਾਂ ਦੇ ਵਿੱਚ ਕਣਕਾਂ ਨੱਚਣ, ਜੱਟ ਬੰਨੇ ਤੇ ਨੱਚੇ
ਭੱਤਾ ਲੈ ਕੇ ਜੱਟੀ ਆਈ, ਦੂਰੋਂ ਖੜੀ ਪੁਕਾਰੇ।
ਵਾਢੀ ਕਰ ਮਿੱਤਰਾ, ਕਣਕ ਸੈਨਤਾਂ ਮਾਰੇ।

'ਭੰਗੜਾ' ਪੁਰਾਤਨ ਪੰਜਾਬੀਆਂ ਦੀ ਸਰਬ ਸਾਂਝਾ ਤੇ ਜਿੰਦਜਾਨ ਤੋਂ ਪਿਆਰਾ ਲੋਕ ਨਾਚ ਹੈ। ਆਧੁਨਿਕ ਭੰਗੜੇ ਦਾ ਸਬੰਧ ਵਿਸ਼ੇਸ਼ ਤੌਰ 'ਤੇ ਹਾੜ੍ਹੀ ਦੀ ਫਸਲ (ਕਣਕ) ਨਾਲ ਹੈ। ਚੜ੍ਹਦੇ ਵਿਸਾਖ ਦੀ ਪਹਿਲੀ ਤਰੀਕ ਨੂੰ ਕਣਕ ਦੀ ਵਾਢੀ ਸ਼ੁਰੂ ਹੋ ਜਾਂਦੀ ਹੈ। ਇਸ ਦਿਨ ਸੰਗਰਾਂਦ ਵੀ ਹੁੰਦੀ ਹੈ। ਪੁਰਾਣੇ ਸਮਿਆਂ ਵਿੱਚ ਵਿਸਾਖੀ ਦਾ ਮੇਲਾ ਖੁੱਲ੍ਹੇ ਚੌਗਾਨਾਂ ਜਾਂ ਦਰਿਆਵਾਂ, ਨਦੀਆਂ, ਨਹਿਰਾਂ ਦੇ ਕੰਢਿਆਂ 'ਤੇ ਲੱਗਦਾ ਸੀ। ਇਸ ਦਿਨ ਲੋਕ ਸਵਖਤੇ ਉਠ ਕੇ ਇਸ਼ਨਾਨ ਕਰਦੇ, ਫਿਰ ਨਵੇਂ ਕੱਪੜੇ ਪਹਿਨ ਕੇ ਮੇਲਾ ਦੇਖਣ ਪੈਦਲ ਜਾਂਦੇ ਸਨ।

ਪੁਰਾਣੇ ਬਜ਼ੁਰਗ ਦੱਸਦੇ ਹਨ ਕਿ ਹਾੜ੍ਹੀ ਦੀ ਫਸਲ ਦੀ ਬਿਜਾਈ ਤੋਂ ਗਹਾਈ ਤੱਕ ਕਈ ਰਸਮਾਂ ਕੀਤੀਆਂ ਜਾਂਦੀਆਂ ਸਨ। ਇਹ ਸਭ ਕੁਝ ਕੁਦਰਤੀ ਕਰੋਪੀਆਂ ਦੀ ਮਾਰ ਤੋਂ ਬਚਣ ਲਈ ਕੀਤਾ ਜਾਂਦਾ ਸੀ। ਕਿਸਾਨਾਂ ਨੂੰ ਰੱਬ ਦੀ ਰਹਿਮਤ 'ਤੇ ਨਿਰਭਰ ਕਰਨਾ ਪੈਂਦਾ ਸੀ। ਜਦੋਂ ਤੱਕ ਦਾਣੇ ਘਰ ਵਿੱਚ ਨਾ ਪੁੱਜ ਜਾਂਦੇ ਉਦੋਂ ਤੱਕ ਉਨ੍ਹਾਂ ਦਾ ਦਿਲ ਧੁੜਕੂ-ਧੁੜਕੂ ਕਰਦਾ ਰਹਿੰਦਾ। ਸਾਰਾ ਭਾਈਚਾਰਾ ਇਕੱਠਾ ਮਿਲ ਜੁਲ ਕੇ ਕੰਮ ਕਰਦਾ। ਲਾਗੀਆਂ ਨੂੰ ਲਾਗ ਦਿੱਤੇ ਜਾਂਦੇ, ਲੰਬੜਾਂ ਤੇ ਸ਼ਾਹਾਂ ਦੇ ਸਾਰੇ ਸਾਲ ਦੇ ਹਿਸਾਬ ਕਰਕੇ ਪੰਜਾਬੀ ਲਾੜੇ ਵਾਂਗ ਸਜ ਧਜ ਕੇ ਮੇਲਾ ਦੇਖਣ ਜਾਂਦੇ। ਢੋਲ 'ਤੇ ਡੱਗੇ ਵੱਜਦੇ ਤੇ ਭੰਗੜੇ ਪੈਂਦੇ:

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ।
ਲੰਬੜਾਂ ਦੇ ਸ਼ਾਹਾਂ ਦਾ ਹਿਸਾਬ ਕੱਟ ਕੇ।
ਸੰਮਾਂ ਵਾਲੀ ਡਾਂਗ ਉਤੇ ਤੇਲ ਲਾਇਕੇ।
ਕੱਛੇ ਮਾਰ ਵੰਝਲੀ ਆਨੰਦ ਆ ਗਿਆ।

ਮਿੰਨੀ ਕਹਾਣੀ

# ਖੁਦਕੁਸ਼ੀ

-ਇੰਜ. ਮਨਿੰਦਰ ਸਿੰਘ

ਪੜ੍ਹਿਆ ਲਿਖਿਆ ਮਾਨ ਸਿੰਘ ਆਪਣੇ ਪਿਓ ਨੂੰ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੁੰਦਿਆਂ ਦੇਖ ਕੇ ਵੱਡਾ ਹੋਇਆ। ਛੋਟੀ ਕਿਰਸਾਨੀ ਤੇ ਪਸ਼ੂ ਪਾਲਣ ਕਾਰਨ ਸਾਰਾ ਕੰਮ ਹੱਥੀਂ ਕਰਨ ਦੇ ਹੱਠ ਨੇ ਉਸ ਦੇ ਪਿਓ ਬੂਟਾ ਸਿੰਘ ਨੂੰ ਹੋਰ ਮਜ਼ਬੂਤ ਬਣਾ ਦਿੱਤਾ। ਮਾਨ ਸਿੰਘ ਵੀ ਆਪਣੇ ਪਿਓ ਵਾਂਗ ਹਰ ਕੰਮ ਨੂੰ ਚੈਲੇਂਜ ਲੈ ਕੇ ਕਰਨਾ ਚਾਹੁੰਦਾ ਹੈ ਤੇ ਪਿਓ ਵਾਂਗ ਜ਼ਿੱਦੀ ਹੈ।

ਗਰਮੀਆਂ ਦੇ ਦਿਨਾਂ 'ਚ ਬੂਟਾ ਸਿੰਘ ਨੇ ਕਿਹਾ ਕਿ ਖੇਤ ਨੂੰ ਬਲਦਾਂ ਨਾਲ ਜੋਤ ਦਿੱਤਾ ਹੈ ਤੇ ਤੁਸੀਂ ਔਜ਼ਾਰਾਂ ਨਾਲ ਵੱਟਾਂ ਪਾਉਣ ਜਾਣਾ ਹੈ। ਮਾਨ ਸਿੰਘ ਨੇ ਇਸ ਨੂੰ ਚੈਲਿੰਜ ਵਾਂਗ ਲਿਆ ਤੇ ਭਰ ਗਰਮੀ 'ਚ ਗੁਜ਼ਾਰੇ ਜੋਗੇ ਔਜ਼ਾਰਾਂ ਨਾਲ ਹੀ ਵੱਟਾਂ ਪਾਉਣ ਚੱਲ ਪਏ। ਕਿਸੇ ਹੋਰ ਦੀ ਮਦਦ ਲੈਣਾ ਉਨ੍ਹਾਂ ਦੇ ਸੁਭਾਅ ਵਿੱਚ ਨਹੀਂ ਸੀ। ਤਿੱਖੀ ਦੁਪਹਿਰ ਤੇ ਵੱਟਾਂ ਪਾਉਂਦੇ ਦੋਵੇਂ ਪਿਓ-ਪੁੱਤ ਛੋਟੀ ਛੋਟੀ ਗੱਲ ਤੋਂ ਖਹਿਬੜਨ ਲੱਗਦੇ। ਇੰਨੇ ਨੂੰ ਖਿੱਝਦੇ ਹੋਏ ਮਾਨ ਸਿੰਘ ਨੇ ਕਿਹਾ, 'ਬਾਪੂ ਤੂੰ ਚਲਾ ਜਾ, ਮੈਂ ਕੰਮ ਖੁਦ ਕਰ ਲਵਾਂਗਾ।''

ਬਾਪੂ ਕਹੀ ਮੋਢੇ 'ਤੇ ਰੱਖ ਗੁੱਸੇ 'ਚ ਘਰ ਮੁੜ ਪਿਆ। ਮਾਨ ਸਿੰਘ ਨੇ ਆਪਣੇ ਦਮ 'ਤੇ ਚੈਲਿੰਜ ਤਾਂ ਕਰ ਲਿਆ, ਪਰ ਉਹ ਪਿੱਛੇ ਨਹੀਂ ਹਟਣਾ ਚਾਹੁੰਦਾ। ਆਪਣੀ ਜ਼ਿੱਦ ਪੁਗਾਉਣ ਲਈ ਉਹ ਸਭ ਕੁਝ ਕਰਨ ਲਈ ਤਿਆਰ ਹੈ। ਪਿਓ ਵਾਂਗ ਇੰਨੇ ਔਖੇ ਕੰਮ ਨੂੰ ਖਤਮ ਕਰਨ ਦੀ ਜ਼ਿੱਦ 'ਤੇ ਅੜਿਆ ਸਾਹੋ ਸਾਹ ਲੱਗਾ ਰਿਹਾ। ਇੰਨੇ ਨੂੰ ਵੱਟਾਂ ਪਾਉਂਦਾ ਉਹ ਹੱਦੋਂ ਵੱਧ ਜ਼ੋਰ ਲਾਉਣ ਕਰ ਕੇ ਅਚਾਨਕ ਧਰਤੀ 'ਤੇ ਬੇਸੁਧ ਡਿੱਗ ਪਿਆ। ਉਰੇ ਪਰੇ ਕੋਈ ਨਹੀਂ, ਸੁੰਨਸਾਨ ਖੇਤ ਤੇ ਹਨੇਰੇ ਕਾਰਨ ਉਸ ਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ ਉਹ ਮੁੜ ਹੋਸ਼ ਵਿੱਚ ਆਇਆ। ਉਹ ਫਿਰ ਉਠਦਾ ਹੈ, ਕਹੀ ਚੁੱਕਦਾ ਹੈ ਤੇ ਲੱਗ ਜਾਂਦਾ ਹੈ ਵੱਟਾਂ ਪਾਉਣ, ਮਾਨ ਸਿੰਘ ਪਿਓ ਵਾਂਗ ਕੰਮ ਹੀ ਨਹੀਂ ਕਰਦਾ, ਸਗੋਂ ਕੰਮ ਨਾਲ ਲੜਦਾ ਹੈ।

ਹਨੇਰਾ ਹੋਣ ਲੱਗ ਪਿਆ ਤੇ ਉਹ ਦੇਖਦਾ ਹੈ ਕਿ ਰਾਤ ਦੇ ਅੱਠ ਵੱਜ ਗਏ, ਮੋਟਰਾਂ ਦੀ ਬੱਤੀ ਆ ਗਈ। ਬੂਟਾ ਸਿੰਘ ਨੂੰ ਫਿਕਰ ਲੱਗਦਾ ਹੈ ਕਿ ਬੇਟਾ ਘਰ ਨਹੀਂ ਮੁੜਿਆ, ਉਹ ਖੂਹ 'ਤੇ ਉਸ ਨੂੰ ਦੇਖਣ ਚਲਾ ਜਾਂਦਾ ਹੈ। ਮਾਨ ਸਿੰਘ ਜ਼ਿੱਦ 'ਤੇ ਅੜਿਆ ਹੈ। ਬੂਟਾ ਸਿੰਘ ਨੂੰ ਬਿਲਕੁਲ ਯਕੀਨ ਨਹੀਂ ਕਿ ਮਾਨ ਸਿੰਘ ਕੰਮ ਕਰ ਸਕਿਆ ਹੋਵੇਗਾ, ਇਸੇ ਲਈ ਉਹ ਬਿਨਾਂ ਖੇਤ ਵੱਲ ਨਜ਼ਰ ਮਾਰਿਆਂ ਕਹਿੰਦਾ ਹੈ, "ਪੁੱਤ ਆ ਜਾ, ਬਾਕੀ ਕੰਮ ਸਵੇਰੇ ਕਰ ਲਈਂ।''

ਦੂਜੇ ਪਾਸੇ ਪਿਓ ਦੇ ਆਉਂਦੇ ਨੂੰ ਮਾਨ ਸਿੰਘ ਮੋਟਰ 'ਤੇ ਨਹ੍ਹਾ ਰਿਹਾ ਹੁੰਦਾ ਹੈ। ਮਾਨ ਸਿੰਘ ਖੁਸ਼ ਸੀ ਕਿ ਸਾਰਾ ਕੰਮ ਨਿਪਟਾ ਕੇ ਬਾਪੂ ਦਾ ਦਿੱਤਾ ਚੈਲਿੰਜ ਪੂਰਾ ਕਰ ਲਿਆ ਹੈ।

ਖੁਦਕੁਸ਼ੀਆਂ ਦੇ ਬੀਜ ਇਥੋਂ ਪੈਦਾ ਹੁੰਦੇ ਹਨ। ਮਾਨ ਸਿੰਘ ਵਰਗੇ ਕਿਸਾਨ ਉਪਜ ਪੈਦਾ ਕਰਨ ਲਈ ਜ਼ਿੰਦਗੀ ਨਾਲ ਲੜ-ਮਰ ਕੇ ਫਸਲ ਤਾਂ ਪੈਦਾ ਕਰਦੇ ਹਨ, ਪਰ ਜੇ ਉਨ੍ਹਾਂ ਦੀ ਫਸਲ ਵੀ ਮਰ ਜਾਵੇ ਤਾਂ ਉਹ ਕੀ ਕਰਨ?

SIKH SPORTS CLUB
UNITED SPORTS CLUB
BOYS & GIRLS SOCCER CLUB
YOUTH AGES 2015 - 2002
5 PRACTICE AREAS – WEEKEND GAMES @ DIXIE & 407

| BRAMPTON | BRAMPTON NORTH | GORE | MALTON | SPRINGDALE |
|---|---|---|---|---|
| CHERRYTREE & RAYLAWSON | BOVAIRD & CHINGUACOUSY RD | CASTLEMORE & GORE RD | AIRPORT & MORNINGSTAR | SANDALWOOD & TORBRAM |

REGISTRATION $180
AFTER JUNE 1rst REGISTRATION $200

INCLUDED IN REGISTRATION
✓ Uniforms
✓ Soccer Ball
✓ Family Picnic
✓ Trophy
✓ Games All Summer
✓ Training All Summer

FORMS AVAILABLE HERE
GURDWARA SAHIB in person Sun 12-2PM

| | | |
|---|---|---|
| Sri Guru Singh Sabha | Malton | 905 671 1662 |
| Sikh Spiritual Centre | Rexdale | 416 746 6666 |
| Sri Guru Nanak Sikh Centre (Glidden) | Brampton | 905 457 5757 |
| Sikh Sangat (Van Kirk) | Brampton | 905 495 1200 |
| Nanaksar Sahib | Brampton | |

RETAILERS

| | | |
|---|---|---|
| Singh Foods | Brampton | 905 796 2995 |
| Movie Time | Gore | 905 913 1113 |
| New City Pizza | Bramlea & Country Side | 905 792 2700 |
| Gore Meat Shop | Brampton | 905 913 0689 |
| Khalsa Travel and Tours | Springdale | 905 799 8800 |
| Doaba Sweets& Restaurant | | |
| 305 Charolais Blvd | | 905 450 1455 |
| 9705 James Potter Rd | | 905 216 7951 |
| Asian Food Centre | | |
| Chinguacousy/Williams PKWY | | Sun 12-2PM |

VOLUNTEER TO COACH A TEAM.
YOUR CHILD PLAYS FREE!
LOOKING FOR VOLUNTEER HOURS?
GET THEM FROM US!

REGISTER ONLINE
www.SIKHSPORTSCLUB.com
www.UNITEDSPORTSCLUB.ca
416 744 2999
Follow us on twitter @Sikh_SportsClub or facebook.com/SikhSportsC
Please note: no refunds after uniforms are given

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ
■ ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

# ਭਾਰਤ-ਪਾਕਿ ਸਰਹੱਦ ਉਤੇ ਵੱਸਣ ਵਾਲੇ ਲੋਕ ਜੰਗ ਨਹੀਂ ਚਾਹੁੰਦੇ



ਤਰਨ ਤਾਰਨ, 23 ਅਪ੍ਰੈਲ (ਪੋਸਟ ਬਿਊਰੋ)- ਹਲਕਾ ਤਰਨ ਤਾਰਨ ਦੇ ਵਿਧਾਇਕ ਡਾ. ਧਰਮਬੀਰ ਅਗਨੀਹੋਤਰੀ ਨੇ ਬੜੀ ਹੈਰਾਨੀ ਨਾਲ ਕਿਹਾ ਹੈ ਕਿ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਪਾਕਿਸਤਾਨ ਵਿੱਚ ਕਰਾਈ ਏਅਰ ਸਟ੍ਰਾਈਕ ਦੇ ਬਾਅਦ ਅਟਾਰੀ-ਵਾਹਗਾ ਬਾਰਡਰ ਦੇ ਰਸਤੇ ਬੰਦ ਪਏ ਵਪਾਰ ਉੱਤੇ ਅਕਾਲੀ ਦਲ ਚੁੱਪ ਹੈ, ਜਦ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਹਰ ਚੋਣ ਰੈਲੀ ਵਿੱਚ ਬਾਲਾਕੋਟ ਉੱਤੇ ਕੀਤੇ ਹਵਾਈ ਹਮਲੇ ਦੀ ਪ੍ਰਸ਼ੰਸਾ ਕਰਨ ਤੋਂ ਨਹੀਂ ਰਹਿੰਦੇ। ਉਨ੍ਹਾਂ ਨੇ ਕਿਹਾ ਕਿ ਬਾਲਾਕੋਟ ਵਿੱਚ ਅੱਤਵਾਦੀਆਂ ਦੇ ਟਿਕਾਣਿਆਂ ਨੂੰ ਤਬਾਹ ਕਰਨ ਲਈ ਕੀਤਾ ਹਵਾਈ ਹਮਲਾ ਪੰਜਾਬ ਦੇ ਲੋਕਾਂ ਦੇ ਖੇਤੀ ਤੋਂ ਲੈ ਕੇ ਕਾਰੋਬਾਰ ਤੱਕ ਵਿੱਚ ਰੁਕਾਵਟ ਪਾ ਰਿਹਾ ਹੈ।

ਡਾਕਟਰ ਧਰਮਬੀਰ ਅਗਨੀਹੋਤਰੀ ਨੇ ਕਿਹਾ ਕਿ ਪੰਜਾਬ ਦੇ ਬਾਰਡਰ ਉੱਤੇ ਵੱਸਦੇ ਲੋਕ ਨਹੀਂ ਚਾਹੁੰਦੇ ਕਿ ਦੋਵਾਂ ਦੇਸ਼ਾਂ ਦੀ ਲੜਾਈ ਹੋਵੇ। ਬਾਲਾਕੋਟ ਹਮਲੇ ਨਾਲ ਅਟਾਰੀ ਵਾਹਗਾ ਬਾਰਡਰ ਦੇ ਰਸਤੇ ਕਈ ਸਾਲਾਂ ਤੋਂ ਹੋ ਰਿਹਾ ਵਪਾਰ ਬੰਦ ਹੋ ਗਿਆ ਹੈ। ਇਸ ਦੇ ਨਾਲ ਭਾਰਤ ਪਾਕਿ ਸਰਹੱਦ ਨਾਲ ਜੁੜੇ ਤਰਨ ਤਾਰਨ, ਅੰਮ੍ਰਿਤਸਰ, ਗੁਰਦਾਸਪੁਰ ਦੇ ਜ਼ਿਲਿਆਂ ਦੇ ਲੋਕਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਸਤਾਉਣ ਲੱਗੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਇਸ ਬਹੁਤ ਜ਼ਰੂਰੀ ਮੁੱਦੇ 'ਤੇ ਲੋਕਾਂ ਨੂੰ ਦੱਸੇ ਕਿ ਮੋਦੀ ਸਰਕਾਰ ਪੰਜਾਬ ਵਿੱਚ ਸਰਹੱਦ 'ਤੇ ਵਪਾਰ ਨੂੰ ਸ਼ੁਰੂ ਕਰਵਾਉਣ ਬਾਰੇ ਕੀ ਕਰ ਰਹੀ ਹੈ, ਜਿਸ ਨਾਲ ਲੋਕ ਆਪਣੇ ਪਰਵਾਰਾਂ ਦਾ ਢਿੱਡ ਪਾਲ ਸਕਣ। ਜੰਗਾਂ ਦਾ ਸੰਤਾਪ ਝੱਲ ਚੁੱਕੇ ਸਰਹੱਦੀ ਕਸਬੇ ਖੇਮਕਰਨ ਦੇ ਗੁਰਦੀਪ ਸਿੰਘ ਨੇ ਕਿਹਾ ਕਿ 1965 ਦੀ ਜੰਗ ਵੇਲੇ ਉਹ 13 ਸਾਲ ਦਾ ਸੀ, ਉਸ ਲੜਾਈ ਵਿੱਚ ਅੰਮ੍ਰਿਤਸਰ ਜ਼ਿਲੇ ਦੇ ਪਿੰਡਾਂ ਵਿੱਚ ਬਹੁਤ ਨੁਕਸਾਨ ਹੋਇਆ ਸੀ। ਜ਼ਿਲਾ ਅੰਮ੍ਰਿਤਸਰ ਦੇ ਪਿੰਡ ਭਲਾ ਪਿੰਡ ਦੇ ਰਹਿਣ ਵਾਲੇ ਪ੍ਰਿਥਵੀ ਰਾਜ ਨੇ ਦੱਸਿਆ ਕਿ ਓਦੋਂ ਉਹ 14 ਸਾਲ ਦੇ ਸਨ ਅਤੇ ਪਿੰਡ ਹਰਸ਼ ਛੀਨਾ ਦੇ ਸਰਕਾਰੀ ਸਕੂਲ ਵਿੱਚ 9ਵੀਂ ਕਲਾਸ ਵਿੱਚ ਪੜ੍ਹਦੇ ਸਨ। ਉਨ੍ਹਾਂ ਦੱਸਿਆ ਕਿ ਭਾਰਤ ਨੇ ਲਾਹੌਰ ਉੱਤੇ ਚੜ੍ਹਾਈ ਕਰਦੇ ਹੋਏ ਉਨ੍ਹਾਂ ਦਾ ਕਾਫੀ ਸਾਰਾ ਖੇਤਰ ਕਬਜ਼ੇ ਵਿੱਚ ਲੈ ਲਿਆ ਸੀ। ਇਸ ਜੰਗ ਦੌਰਾਨ ਛੇਹਰਟਾ (ਅੰਮ੍ਰਿਤਸਰ) ਦੇ ਬਾਜ਼ਾਰ ਵਿੱਚ ਪਾਕਿਸਤਾਨ ਵੱਲੋਂ ਸੁੱਟੇ ਬੰਬ ਨਾਲ ਬਹੁਤ ਨੁਕਸਾਨ ਹੋਇਆ ਸੀ। ਇਸ ਤਰ੍ਹਾਂ ਡੀ ਐਨ ਚਾਵਲਾ ਨੇ ਦੱਸਿਆ ਕਿ 1971 ਦੀ ਲੜਾਈ ਵਿੱਚ ਵੀ ਲੋਕਾਂ ਨੂੰ ਘਰ ਛੱਡ ਕੇ ਕਿਤੇ ਹੋਰ ਜਾਣਾ ਪਿਆ ਸੀ, ਜਿਸ ਨਾਲ ਵਪਾਰ ਠੱਪ ਹੋ ਗਿਆ ਸੀ। ਲੜਾਈ ਦੇ ਸੰਕੇਤ ਮਿਲਦੇ ਹੀ ਅੱਜ ਵੀ ਸਰਹੱਦ 'ਤੇ ਵਸੇ ਲੋਕ ਤੌਬਾ ਕਰਨੀ ਸ਼ੁਰੂ ਕਰ ਦਿੰਦੇ ਹਨ ਅਤੇ ਉਹ ਪਾਕਿਸਤਾਨ ਨਾਲ ਟੱਕਰ ਦੀ ਟਾਹਰਾਂ ਦਾ ਹੁੰਗਾਰਾ ਨਹੀਂ ਭਰਦੇ।

# ਬੈਂਕ ਆਫ ਇੰਡੀਆ ਤੋਂ ਸੋਨੇ ਦੇ ਗਹਿਣੇ ਤੇ ਲੱਖਾਂ ਰੁਪਏ ਚੋਰੀ

ਮੋਗਾ, 23 ਅਪ੍ਰੈਲ (ਪੋਸਟ ਬਿਊਰੋ)- ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ 'ਚ ਦਿਨ ਰਾਤ ਪੁਲਸ ਕਰਮਚਾਰੀ ਹੋਣ ਦੇ ਬਾਵਜੂਦ ਚੋਰਾਂ ਨੇ ਐੱਸ ਐੱਸ ਪੀ ਦਫਤਰ ਨਾਲ ਲੱਗਦੀ ਬੈਂਕ ਆਫ ਇੰਡੀਆ ਦੀ ਬ੍ਰਾਂਚ ਵਿੱਚੋਂ ਸੋਨੇ ਦੇ ਗਹਿਣੇ ਤੇ ਲੱਖਾਂ ਦੀ ਨਕਦੀ ਉਡਾ ਲਈ ਹੈ। ਚੋਰ ਬੈਂਕ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਅਤੇ ਡੀ ਵੀ ਆਰ ਪੁੱਟ ਕੇ ਲੈ ਗਏ। ਇਸ ਬਾਰੇ ਜਾਣਕਾਰੀ ਮਿਲਣ ਉੱਤੇ ਜ਼ਿਲ੍ਹਾ ਪੁਲਸ ਮੁਖੀ ਅਮਰਜੀਤ ਸਿੰਘ ਬਾਜਵਾ ਤੇ ਹੋਰ ਉਚ ਅਧਿਕਾਰੀ ਮੌਕੇ ਉਤੇ ਪਹੁੰਚੇ ਅਤੇ ਜਾਂਚ ਦੇ ਇਲਾਵਾ ਆਸਪਾਸ ਦੇ ਲੋਕਾਂ ਤੋਂ ਪੁੱਛਗਿੱਛ ਕੀਤੀ ਅਤੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇਖੀ।

ਥਾਣਾ ਸਿਟੀ ਮੋਗਾ ਨੇ ਬੈਂਕ ਮੁਲਾਜ਼ਮ ਰਾਹੁਲ ਧੁੰਨਾ ਦੇ ਬਿਆਨਾਂ 'ਤੇ ਅਣਪਛਾਤੇ ਚੋਰਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਉਸ ਨੇ ਪੁਲਸ ਨੂੰ ਦੱਸਿਆ ਕਿ ਉਹ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਬੈਂਕ ਆਫ ਇੰਡੀਆ ਵਿੱਚ ਕਰੀਬ ਚਾਰ ਸਾਲਾਂ ਤੋਂ ਕੰਮ ਕਰ ਰਿਹਾ ਹੈ। ਬੀਤੀ 20 ਅਪ੍ਰੈਲ ਨੂੰ ਉਹ ਆਪਣੀ ਡਿਊਟੀ ਖਤਮ ਕਰਨ ਪਿੱਛੋਂ ਚਲਾ ਗਿਆ ਸੀ ਤੇ ਬੈਂਕ ਦਾ ਸੁਰੱਖਿਆ ਅਧਿਕਾਰੀ ਬੀਤੀ 18 ਅਪ੍ਰੈਲ ਤੋਂ ਚਾਰ ਦਿਨਾਂ ਦੀ ਛੁੱਟੀ 'ਤੇ ਸੀ। ਉਨ੍ਹਾਂ ਜਾਣ ਤੋਂ ਪਹਿਲਾਂ ਬੈਂਕ ਦਾ ਸੇਫ ਤੇ ਮੇਨ ਗੇਟ ਦੀਆਂ ਚਾਬੀਆਂ ਅਭਿਸ਼ੇਕ ਵਰਮਾ ਨੂੰ ਦਿੱਤੀਆਂ ਸਨ। ਬੀਤੀ 20 ਅਪ੍ਰੈਲ ਨੂੰ ਅਭਿਸ਼ੇਕ ਵਰਮਾ ਡਿਊਟੀ ਕਰਨ ਦੇ ਬਾਅਦ ਬੈਂਕ ਸੇਫ ਦੀ ਚਾਬੀ ਅਤੇ ਮੇਨ ਗੇਟ ਬੰਦ ਕਰ ਕੇ ਚਾਬੀ ਆਪਣੇ ਨਾਲ ਲੈ ਗਏ। ਬੈਂਕ ਦੇ ਸੇਫ ਨੂੰ ਤਿੰਨ ਚਾਬੀਆਂ ਲੱਗਦੀਆਂ ਹਨ, ਜਿਨ੍ਹਾਂ 'ਚੋਂ ਦੋ ਬੈਂਕ ਦੇ ਕੈਸ਼ੀਅਰ ਹਰਚਰਨ ਸਿੰਘ ਕੋਲ ਅਤੇ ਮਾਸਟਰ ਚਾਬੀ ਅਭਿਸ਼ੇਕ ਵਰਮਾ ਕੋਲ ਸੀ। ਰਾਹੁਲ ਧੁੰਨਾ ਨੇ ਪੁਲਸ ਨੂੰ ਦੱਸਿਆ ਕਿ ਕੱਲ੍ਹ ਸਵੇਰੇ ਬੈਂਕ ਦੇ ਸਫਾਈ ਕਰਮਚਾਰੀ ਅਰਸ਼ਦੀਪ ਨੇ ਮੈਨੂੰ ਜਾਣਕਾਰੀ ਦਿੱਤੀ ਕਿ ਬੈਂਕ ਦੇ ਮੇਨ ਗੇਟ ਦੇ ਤਾਲੇ ਖੁੱਲ੍ਹੇ ਪਏ ਹਨ, ਜਿਸ ਉੱਤੇ ਮੈਂ ਬੈਂਕ ਪਹੁੰਚਿਆ ਤੇ ਮੇਰੇ ਆਉਣ ਤੋਂ ਪਹਿਲਾਂ ਅਭਿਸ਼ੇਕ ਵਰਮਾ ਅਤੇ ਕੈਸ਼ੀਅਰ ਹਰਚਰਨ ਸਿੰਘ ਵੀ ਆ ਗਏ ਸਨ। ਅਸੀਂ ਬੈਂਕ ਅੰਦਰ ਜਾ ਕੇ ਦੇਖਿਆ ਤਾਂ ਓਥੇ ਸੇਫ ਖੁੱਲ੍ਹਾ ਪਿਆ ਅਤੇ ਉਸ ਵਿੱਚੋਂ 17 ਲੱਖ 65 ਹਜ਼ਾਰ 30 ਰੁਪਏ ਗਾਇਬ ਸਨ ਅਤੇ ਸੋਨੇ ਦੇ ਗਹਿਣੇ ਵੀ ਨਹੀਂ ਸਨ, ਜਿਸ ਉਤੇ ਅਸੀਂ ਬੈਂਕ ਦੇ ਉਚ ਅਧਿਕਾਰੀਆਂ ਅਤੇ ਪੁਲਸ ਨੂੰ ਸੂਚਿਤ ਕੀਤਾ। ਉਨ੍ਹਾਂ ਕਿਹਾ ਕਿ ਜਦ ਅਸੀਂ ਬੈਂਕ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਨੂੰ ਦੇਖਿਆ ਤਾਂ ਡੀ ਵੀ ਆਰ ਅਣਪਛਾਤੇ ਚੋਰ ਆਪਣੇ ਨਾਲ ਲੈ ਗਏ ਸਨ। ਬੈਂਕ ਅਫਸਰ ਨੇ ਪੁਲਸ ਨੂੰ ਦੱਸਿਆ ਕਿ ਬੈਂਕ ਤੋਂ ਚੋਰੀ ਹੋਏ ਸੋਨੇ ਦੇ ਗਹਿਣੇ ਬਾਰੇ ਜਾਣਕਾਰੀ ਉਹ ਬੈਂਕ ਰਿਕਾਰਡ ਚੈੱਕ ਕਰਨ ਦੇ ਬਾਅਦ ਪੁਲਸ ਨੂੰ ਦੇਣਗੇ।



ਪੁਲਸ ਨੂੰ ਜਾਣਕਾਰੀ ਦਿੰਦਾ ਬੈਂਕ ਅਧਿਕਾਰੀ।

ਜਾਣਕਾਰ ਸੂਤਰਾਂ ਮੁਤਾਬਕ ਉਕਤ ਸੋਨੇ ਦੇ ਗਹਿਣਿਆਂ ਦੀ ਕੀਮਤ 60-70 ਲੱਖ ਦੇ ਕਰੀਬ ਦੱਸੀ ਜਾਂਦੀ ਹੈ, ਪਰ ਸਹੀ ਜਾਣਕਾਰੀ ਬੈਂਕ ਦਾ ਰਿਕਾਰਡ ਚੈੱਕ ਕਰਨ ਦੇ ਬਾਅਦ ਮਿਲ ਸਕੇਗੀ। ਥਾਣਾ ਸਿਟੀ ਮੋਗਾ ਦੇ ਇੰਚਾਰਜ ਇੰਸਪੈਕਟਰ ਜਗਤਾਰ ਸਿੰਘ ਨੇ ਕਿਹਾ ਕਿ ਉਹ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੇ ਹਨ ਤੇ ਆਸਪਾਸ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਖੰਘਾਲ ਰਹੇ ਹਨ।

# ਫੋਨ ਕਰ ਕੇ ਗਰੀਬ ਦੇ ਘਰ ਗਏ ਕਾਂਗਰਸ ਉਮੀਦਵਾਰ ਵੜਿੰਗ ਨੇ ਪਨੀਰ-ਰਾਇਤਾ ਖਾਧਾ

ਬਠਿੰਡਾ, 23 ਅਪ੍ਰੈਲ (ਪੋਸਟ ਬਿਊਰੋ)- ਯੂਥ ਕਾਂਗਰਸ ਦੇ ਪ੍ਰਧਾਨ ਰਹਿ ਚੁੱਕੇ ਅਮਰਿੰਦਰ ਸਿੰਘ ਰਾਜਾ ਵੜਿੰਗ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਰਾਹ ਉੱਤੇ ਚੱਲਣ ਲੱਗੇ ਹਨ। ਬਠਿੰਡਾ ਤੋਂ ਟਿਕਟ ਦੇ ਐਲਾਨ ਪਿੱਛੋਂ ਕੱਲ੍ਹ ਉਨ੍ਹਾਂ ਨੇ ਪਹਿਲੀ ਰਾਤ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਿੰਡ ਬਾਦਲ ਵਿੱਚ ਗੁਜਾਰੀ। ਪੂਰੀ ਰਾਤ ਉਹ ਇੱਕ ਗਰੀਬ ਦੇ ਘਰ ਰੁਕੇ, ਉਥੇ ਖਾਣਾ ਖਾਧਾ ਅਤੇ ਮੰਜੇ 'ਤੇ ਸੁੱਤੇ, ਪਰ ਡਿਨਰ ਕਿੱਥੇ ਅਤੇ ਕਿਵੇਂ ਕਰਨਾ ਹੈ, ਇਹ ਸਭ ਪਹਿਲਾਂ ਤੈਅ ਸੀ।



ਪਰਵਾਰ ਦੀ ਮਹਿਲਾ ਰਾਮ ਪਿਆਰੀ ਨੇ ਕਿਹਾ ਕਿ ਉਹ ਰਾਜਾ ਵੜਿੰਗ ਨੂੰ ਜਾਣਦੀ ਹੀ ਨਹੀਂ। ਉਸ ਦੇ ਪਤੀ ਰਾਮ ਸ਼ਰਨ ਪਿੰਡ ਦੇ ਕਾਂਗਰਸੀ ਨੇਤਾ ਹਰਦੀਪ ਇੰਦਰ ਸਿੰਘ ਦੇ ਖੇਤ ਵਿੱਚ ਕੰਮ ਕਰਦੇ ਹਨ। ਉਨ੍ਹਾਂ ਨੂੰ ਹਰਦੀਪ ਸਿੰਘ ਦਾ ਫੋਨ ਆਇਆ ਕਿ ਰਾਜਾ ਵੜਿੰਗ ਉਨ੍ਹਾਂ ਦੇ ਘਰ ਰਹਿਣ ਆਉਣਗੇ, ਇਸ ਦੀ ਤਿਆਰੀ ਕਰ ਲੈਣ। ਉਸ ਪਿੱਛੋਂ ਉਹ ਰਾਇਤਾ ਬਣਾਉਣ ਦਾ ਸਾਮਾਨ ਅਤੇ ਪਨੀਰ ਖਰੀਦ ਕੇ ਲਿਆਏ ਅਤੇ ਕਰੀਬ ਨੌਂ ਵਜੇ ਖਾਣੇ ਦੀ ਤਿਆਰੀ ਕਰ ਲਈ। ਵੜਿੰਗ ਰਾਤ 10.30 ਵਜੇ ਆਏ, ਪ੍ਰੰਤੂ ਉਹ ਕਹਿਣ ਲੱਗੇ ਕਿ ਰੋਟੀ ਉਹ ਚੁੱਲ੍ਹੇ ਦੇ ਨੇੜੇ ਬੈਠ ਕੇ ਖਾਣਗੇ। ਉਨ੍ਹਾਂ ਨੇ ਛੋਲੀਏ-ਪਨੀਰ ਦੀ ਸਬਜੀ ਖਾਧੀ। ਰਾਮ ਪਿਆਰੀ ਦੇ ਮੁਤਾਬਕ ਉਸ ਦੇ ਪਤੀ ਰੋਜ਼ 200 ਰੁਪਏ ਕਮਾਉਂਦੇ ਹਨ। ਐਤਵਾਰ ਨੂੰ ਇੱਕ ਦਿਹਾੜੀ ਦੀ ਪੂਰੀ ਕਮਾਈ ਵੱਖਰੇ ਪ੍ਰਬੰਧ ਕਰਨ ਵਿੱਚ ਲੱਗ ਗਈ। ਉਨ੍ਹਾਂ ਨੂੰ ਕਦੇ-ਕਦਾਈਂ ਹੀ ਪਨੀਰ ਨਸੀਬ ਹੁੰਦਾ ਹੈ।

ਵੜਿੰਗ ਰਾਤ ਇੱਕ ਵਜੇ ਤੱਕ ਗੱਲਾਂ ਕਰਦੇ ਰਹੇ। ਸਵੇਰੇ 6.30 ਵਜੇ ਚਾਹ ਪੀਤੀ ਤੇ ਬਿਸਕੁਟ ਲਏ। ਬਿਨਾਂ ਨਹਾਤੇ ਉਹ ਬਠਿੰਡਾ ਲਈ ਨਿਕਲ ਪਏ। ਉਸ ਦੇ ਪਿੱਛੇ ਰਾਮ ਸ਼ਰਨ ਨੇ ਕਿਹਾ ਕਿ ਬਾਕੀ ਘਰ ਤਾਂ ਠੀਕ ਹੈ, ਪਰ ਗੁਸਲਖਾਨਾ ਠੀਕ ਨਹੀਂ ਹੈ। ਵੜਿੰਗ ਨੇ ਕਿਹਾ ਕਿ ਬਾਦਲ ਪਰਵਾਰ ਆਪਣੇ ਹੀ ਪਿੰਡ ਦੇ ਗਰੀਬਾਂ ਤੱਕ ਦੀ ਸਾਰ ਨਹੀਂ ਲੈ ਸਕਿਆ।

ਗਰੀਬ ਦੇ ਘਰ ਵਿੱਚ ਠਹਿਰਣ 'ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪਰਵਾਸੀ ਆਉਂਦੇ-ਜਾਂਦੇ ਰਹਿੰਦੇ ਹਨ, 19 ਮਈ ਦੇ ਬਾਅਦ ਦੇਖਣਾ ਕਿ ਉਹ ਕਿਤੇ ਦਿਖਾਈ ਵੀ ਨਹੀਂ ਦੇਣਗੇ।

# ਚੋਣ ਜ਼ਾਬਤੇ ਦੌਰਾਨ ਹੁਣ ਤੱਕ 221 ਕਰੋੜ ਦਾ ਗੈਰ ਕਾਨੂੰਨੀ ਸਾਮਾਨ ਤੇ ਨਕਦੀ ਫੜੀ

ਚੰਡੀਗੜ੍ਹ, 23 ਅਪ੍ਰੈਲ (ਪੋਸਟ ਬਿਊਰੋ)- ਚੋਣ ਕਮਿਸ਼ਨ ਵੱਲੋਂ ਪਾਰਲੀਮੈਂਟ ਚੋਣਾਂ ਦੇ ਐਲਾਨ ਤੋਂ ਬਾਅਦ 10 ਮਾਰਚ ਤੋਂ ਪੰਜਾਬ ਵਿੱਚ ਲਾਗੂ ਹੋਏ ਚੋਣ ਜ਼ਾਬਤੇ ਦੇ ਦਿਨਾਂ ਦੌਰਾਨ 221 ਕਰੋੜ ਰੁਪਏ ਦੀਆਂ ਗੈਰ ਕਾਨੂੰਨੀ ਵਸਤਾਂ ਤੇ ਨਕਦੀ ਫੜੀ ਗਈ ਹੈ। ਇਨ੍ਹਾਂ ਵਿੱਚ ਨਸ਼ੀਲੇ ਪਦਾਰਥ ਅਤੇ ਸੋਨੇ ਚਾਂਦੀ ਦੇ ਗਹਿਣੇ ਵੀ ਸ਼ਾਮਲ ਹਨ। ਦੇਸ਼ ਦੇ ਹੋਰਨਾਂ ਰਾਜਾਂ ਦੇ ਮੁਕਾਬਲੇ ਇਹ ਬਰਾਮਦਗੀ ਵੱਧ ਹੈ। ਇਸ ਦੌਰਾਨ 105 ਗੈਰ ਕਾਨੂੰਨੀ ਹਥਿਆਰ ਵੀ ਫੜੇ ਗਏ ਹਨ ਅਤੇ 95 ਫੀਸਦੀ ਲਾਇਸੰਸੀ ਅਸਲਾ 19 ਮਈ ਨੂੰ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਜਮ੍ਹਾ ਕਰਵਾਇਆ ਜਾ ਚੁੱਕਾ ਹੈ।




ਇਸ ਸੰਬੰਧ ਵਿੱਚ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾਕਟਰ ਐੱਸ ਕਰੁਣਾ ਰਾਜੂ ਨੇ ਚੋਣ ਜ਼ਾਬਤੇ ਦੌਰਾਨ ਹੋਈ ਕਾਰਵਾਈ ਬਾਰੇ ਦੱਸਿਆ ਕਿ ਫੜੀਆਂ ਗੋਈਆਂ ਵਸਤਾਂ ਵਿੱਚ 928055 ਲੀਟਰ ਗੈਰ ਕਾਨੂੰਨੀ ਸ਼ਰਾਬ ਵੀ ਹੈ, ਜਿਸ ਦੀ ਕੀਮਤ 8.8 ਕਰੋੜ ਰੁਪਏ ਬਣਦੀ ਹੈ। 72.82 ਕਿਲੋਗਰਾਮ ਨਸ਼ੀਲੇ ਪਦਾਰਥ ਫੜੇ ਹਨ, ਜਿਨ੍ਹਾਂ 'ਚ 109 ਕਿਲੋਗਰਾਮ ਭੁੱਕੀ, 100 ਗਰਾਮ ਹੈਰੋਇਨ ਅਤੇ 2695 ਨਸ਼ੀਲੀਆਂ ਗੋਲੀਆਂ ਸ਼ਾਮਲ ਹਨ। ਸੋਨੇ ਤੇ ਚਾਂਦੀ ਦੇ ਫੜੇ ਗਏ ਗਹਿਣਿਆਂ ਦੀ ਕੀਮਤ 19.34 ਕਰੋੜ ਬਣਦੀ ਹੈ। ਇਸੇ ਤਰ੍ਹਾਂ 24.52 ਕਰੋੜ ਰੁਪਏ ਦੀ ਨਕਦ ਰਾਸ਼ੀ ਵੀ ਫੜੀ ਹੈ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਅਤੇ ਜਲੰਧਰ ਜ਼ਿਲ੍ਹੇ 'ਚੋਂ 17-17 ਗੈਰ ਕਾਨੂੰਨੀ ਹਥਿਆਰ ਫੜੇ ਗਏ ਹਨ, ਅੰਮ੍ਰਿਤਸਰ ਤੇ ਲੁਧਿਆਣਾ 'ਚੋਂ 12-12, ਤਰਨ ਤਾਰਨ 'ਚੋਂ 13 ਗੈਰ ਕਾਨੂੰਨੀ ਹਥਿਆਰ ਫੜੇ ਹਨ।

# ਦਵਾਈ ਖਰੀਦ ਘੋਟਾਲੇ ਦੀ ਜਾਂਚ ਕਰਾਈਮ ਬ੍ਰਾਂਚ ਕਰੇਗੀ

ਜਲੰਧਰ, 23 ਅਪ੍ਰੈਲ (ਪੋਸਟ ਬਿਊਰੋ)- ਸਿਵਲ ਸਰਜਨ ਜਲੰਧਰ ਦੇ ਦਫਤਰ ਵਿੱਚ ਕੁਝ ਸਾਲ ਪਹਿਲਾਂ ਹੋਏ ਦੋ ਕਰੋੜ ਰੁਪਏ ਦੇ ਘੋਟਾਲੇ ਦੀ ਜਾਂਚ ਕਮਿਸ਼ਨਰੇਟ ਪੁਲਸ ਦੀ ਕਰਾਈਮ ਬ੍ਰਾਂਚ ਕਰੇਗੀ। ਵਰਨਣ ਯੋਗ ਹੈ ਕਿ ਸਾਬਕਾ ਸਿਵਲ ਸਰਜਨ ਡਾਕਟਰ ਆਰ ਐੱਲ ਬੱਸਨ ਦੇ ਸਮੇਂ ਦੌਰਾਨ 2012 ਤੋਂ 2015 ਵਿਚਾਲੇ ਹੋਏ ਦਵਾਈਆਂ ਦੀ ਖਰੀਦ ਦੇ ਕੇਸ ਵਿੱਚ ਸਿਵਲ ਸਰਜਨ ਡਾਕਟਰ ਰਾਜੇਸ਼ ਕੁਮਾਰ ਬੱਗਾ ਨੂੰ ਕਰਾਈਮ ਵਿਭਾਗ ਤੋਂ ਚਿੱਠੀ ਮਿਲੀ ਹੈ। ਸਿਵਲ ਸਰਜਨ ਡਾਕਟਰ ਆਰ ਐੱਲ ਬੱਸਨ ਉੱਤੇ ਦੋਸ਼ ਸਨ ਕਿ ਉਨ੍ਹਾਂ ਦੇ ਸਮੇਂ ਹੋਰ ਸਾਮਾਨ ਬਦਲੇ ਵਿਭਾਗ ਦੇ ਖਜ਼ਾਨਾ ਬ੍ਰਾਂਚ ਵਿੱਚ ਦਵਾਈਆਂ ਦੇ ਬਿਲ ਜਮ੍ਹਾ ਕਰਾਏ ਗਏ। ਅਜੇ ਮਾਮਲਾ ਵਿਚਾਰ ਅਧੀਨ ਹੈ। ਘੋਟਾਲੇ ਦੇ ਚਾਰ ਸਾਲ ਬਾਅਦ ਕੇਸ ਕਰਾਈਮ ਬ੍ਰਾਂਚ ਦੇ ਸਾਹਮਣੇ ਆਉਣ 'ਤੇ ਇਸ ਬਾਰੇ ਸਿਵਲ ਸਰਜਨ ਡਾਕਟਰ ਰਾਜੇਸ਼ ਕੁਮਾਰ ਬੱਗਾ ਤੋਂ ਦਸਤਾਵੇਜ਼ ਮੰਗੇ ਗਏ ਹਨ।

# ਡੇਰਾ ਪ੍ਰੇਮੀਆਂ ਨੇ ਕਿਸੇ ਪਾਰਟੀ ਨਾਲ ਖਾਸ ਮੋਹ ਨਹੀਂ ਦਿਖਾਇਆ

ਪਾਤੜਾਂ, 23 ਅਪ੍ਰੈਲ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਸਿਆਸੀ ਵਿੰਗ ਤੇ ਪੈਰੋਕਾਰਾਂ ਦੀਆਂ ਸਰਗਰਮਆਂ ਨੇ ਪੰਜਾਬ ਭਰ ਦੀਆਂ ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਅਸਲ ਵਿੱਚ ਡੇਰਾ ਸੱਚਾ ਸੌਦਾ ਸਿਰਸਾ ਵਿੱਚ 29 ਅਪ੍ਰੈਲ ਨੂੰ ਸਥਾਪਨਾ ਦਿਵਸ ਬਾਰੇ ਕੀਤੇ ਜਾਣ ਵਾਲੇ ਸਾਲਾਨਾ ਸਮਾਗਮ ਦਾ ਸੱਦਾ ਦੇਣ ਦੇ ਬਹਾਨੇ ਚੋਣ ਸਰਗਰਮੀਆਂ ਦੀ ਤਿਆਰੀ ਜੰਗੀ ਪੱਧਰ ਉੱਤੇ ਕੀਤੀ ਜਾ ਰਹੀ ਸਪੱਸ਼ਟ ਹੋ ਗਈ ਹੈ।

ਇਸ ਸੰਬੰਧ ਵਿੱਚ ਕੱਲ੍ਹ ਨਾਮ ਚਰਚਾ ਘਰ ਪਾਤੜਾਂ ਵਿਖੇ ਜ਼ਿਲਾ ਪੱਧਰੀ ਨਾਮ ਚਰਚਾ ਦੌਰਾਨ ਵਿਸ਼ੇਸ਼ ਤੌਰ 'ਤੇ ਡੇਰਾ ਸੱਚਾ ਸੌਦਾ ਦੇ ਰਾਜਨੀਤਕ ਵਿੰਗ ਦੇ ਮੈਂਬਰ ਸ਼ਾਮਲ ਹੋਏ ਅਤੇ ਸਿਆਸੀ ਵਿੰਗ ਦੇ ਆਗੂ ਰਾਮ ਸਿੰਘ, ਕਰਨਪਾਲ ਸਿੰਘ, ਹਰਮੇਲ ਸਿੰਘ, ਅਮਨਜੀਤ ਘਨੌਰ, ਹਰਵਿੰਦਰ ਢੋਟ ਪਟਿਆਲਾ, ਬਲਜਿੰਦਰ ਸਿੰਘ ਨੇ ਕਿਹਾ ਕਿ ਡੇਰੇ ਨੇ ਅਜੇ ਕਿਸੇ ਵੀ ਸਿਆਸੀ ਪਾਰਟੀ ਜਾਂ ਕਿਸੇ ਉਮੀਦਵਾਰ ਦੀ ਮਦਦ ਦਾ ਫੈਸਲਾ ਨਹੀਂ ਲਿਆ। ਉਨ੍ਹਾਂ ਕਿਹਾ ਕਿ ਸਿਆਸੀ ਵਿੰਗ ਆਗੂ ਪਿੰਡਾਂ ਤੇ ਸ਼ਹਿਰਾਂ ਵਿੱਚ ਘਰ-ਘਰ ਜਾ ਕੇ ਸੰਗਤ ਦੀਆਂ ਸਮੱਸਿਆਵਾਂ ਸੁਣਨਗੇ ਤੇ ਉਨ੍ਹਾਂ ਦੀ ਰਾਏ ਨਾਲ ਫੈਸਲਾ ਲਿਆ ਜਾਵੇਗਾ ਕਿ ਚੋਣਾਂ ਵਿੱਚ ਉਮੀਦਵਾਰ ਜਾਂ ਕਿਸੇ ਪਾਰਟੀ ਦੀ ਮਦਦ ਕੀਤੀ ਜਾਵੇ। ਸੁਝਾਅ ਜਾਣਨ ਪਿੱਛੋਂ ਡੇਰੇ ਦੇ ਪ੍ਰਬੰਧਕੀ ਵਿੰਗ ਵੱਲੋਂ ਅੰਤਿਮ ਫੈਸਲਾ ਕੀਤਾ ਜਾਵੇਗਾ। ਸਿਆਸੀ ਵਿੰਗ ਦੇ ਆਗੂਆਂ ਨੇ ਪ੍ਰੇਮੀਆਂ ਤੋਂ ਇਹ ਕਹਿ ਕੇ ਰਾਏ ਮੰਗੀ ਕਿ ਡੇਰੇ ਦੇ ਕੌਮੀ ਪ੍ਰਬੰਧਕੀ ਵਿੰਗ ਵੱਲੋਂ ਲਿਆ ਫੈਸਲਾ ਉਨ੍ਹਾਂ ਨੂੰ ਮਨਜ਼ੂਰ ਹੋਵੇਗਾ। ਚਰਚਾ ਘਰ ਭਾਰੀ ਗਿਣਤੀ ਵਿੱਚ ਇਕੱਠੇ ਹੋਏ ਪ੍ਰੇਮੀਆਂ ਨੇ ਦੋਵੇਂ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦੇ ਦਿੱਤੀ।




ਵਰਨਣ ਯੋਗ ਹੈ ਕਿ ਡੇਰਾ ਮੁਖੀ ਦੇ ਜੇਲ੍ਹ ਜਾਣ ਪਿੱਛੋਂ ਭਾਵੇਂ ਡੇਰਾ ਪ੍ਰੇਮੀਆਂ ਦੇ ਵੋਟ ਬੈਂਕ ਨੂੰ ਵੱਡਾ ਖੋਰਾ ਲੱਗਾ ਹੈ, ਪਰ ਸਿਆਸੀ ਪਾਰਟੀਆਂ ਡੇਰੇ ਦੀਆਂ ਵੋਟਾਂ 'ਤੇ ਨਜ਼ਰ ਟਿਕਾਈ ਬੈਠੀਆਂ ਹਨ। ਸਿਆਸੀ ਆਗੂ ਇਹ ਆਖ ਚੁੱਕੇ ਹਨ ਕਿ ਉਹ ਡੇਰਾ ਪ੍ਰੇਮੀਆਂ ਤੋਂ ਸਮਰਥਨ ਮੰਗਣ ਨਹੀਂ ਜਾਣਗੇ, ਪਰ ਆਉਣ ਵਾਲੇ ਦਿਨਾਂ 'ਚ ਡੇਰਾ ਪ੍ਰੇਮੀਆਂ ਨੇ ਜੇ ਕੋਈ ਸਿਆਸੀ ਸਰਗਰਮੀ ਵਿਖਾਈ ਤਾਂ ਕੁਝ ਉਮੀਦਵਾਰ ਉਨ੍ਹਾਂ ਦੀ ਸ਼ਰਨ 'ਚ ਜਾ ਸਕਦੇ ਹਨ।

# ਅਧਿਆਪਕ ਨੇ ਅੱਗੋਂ ਤਿੰਨ ਹਜ਼ਾਰ ਉੱਤੇ 'ਟੀਚਰ' ਰੱਖੀ

ਫਿਰੋਜ਼ਪੁਰ, 23 ਅਪ੍ਰੈਲ (ਪੋਸਟ ਬਿਊਰੋ)- ਸਿਆਸੀ ਸ਼ਹਿ ਜਾਂ ਅਧਿਕਾਰੀਆਂ ਨਾਲ ਮਿਲੀਭੁਗਤ ਨਾਲ ਰੇਤਾ, ਬੱਜਰੀ ਜਾਂ ਹੋਰ ਗੈਰ ਕਾਨੂੰਨੀ ਕੰਮ ਕਰਨ ਦੇ ਬਾਅਦ ਮੋਟੀ ਤਨਖਾਹ ਲੈਣ ਵਾਲੇ ਕਿਸੇ ਅਧਿਆਪਕ ਵੱਲੋਂ ਆਪਣੀ ਥਾਂ ਅੱਗੇ ਠੇਕੇ ਉਤੇ ਅਧਿਆਪਕਾ ਰੱਖਣ ਦਾ ਮਾਮਲਾ ਵੀ ਸਾਹਮਣੇ ਆ ਗਿਆ ਹੈ। ਇਹ ਗੱਲ ਸਾਹਮਣੇ ਆਉਣ ਉਤੇ ਸਿੱਖਿਆ ਵਿਭਾਗ ਵੱਲੋਂ ਉਸ ਅਧਿਆਪਕ ਅਤੇ ਇਕ ਬਲਾਕ ਸਿੱਖਿਆ ਅਧਿਕਾਰੀ ਨੂੰ ਸਸਪੈਂਡ ਕਰ ਦਿੱਤਾ ਹੈ।

ਇਸ ਦੀ ਪੁਸ਼ਟੀ ਕਰਦਿਆਂ ਜ਼ਿਲਾ ਸਿੱਖਿਆ ਅਧਿਕਾਰੀ ਨੇਕ ਸਿੰਘ ਨੇ ਦੱਸਿਆ ਕਿ ਬਲਾਕ ਜ਼ੀਰਾ ਦੇ ਪਿੰਡ ਭੂਪੇ ਵਾਲਾ ਦੇ ਪ੍ਰਾਇਮਰੀ ਸਕੂਲ 'ਚ ਪ੍ਰਗਟ ਸਿੰਘ ਨਾਂ ਦੇ ਅਧਿਆਪਕ ਨੇ ਬੱਚਿਆਂ ਨੂੰ ਪੜ੍ਹਾਉਣ ਲਈ ਤਿੰਨ ਹਜ਼ਾਰ ਰੁਪਏ ਉਤੇ ਇਕ ਲੜਕੀ ਨੂੰ ਅਧਿਆਪਕਾ ਵਜੋਂ ਰੱਖਿਆ ਹੋਇਆ ਸੀ। ਪਿਛਲੇ ਕਈ ਮਹੀਨਿਆਂ ਤੋਂ ਇਹ ਸਿਲਸਿਲਾ ਚੱਲ ਰਿਹਾ ਸੀ। ਇਹੀ ਨਹੀਂ, ਅਧਿਆਪਕ ਉਤੇ ਇਹ ਵੀ ਦੋਸ਼ ਹੈ ਕਿ ਬੀਤੇ ਕੁਝ ਮਹੀਨਿਆਂ ਤੋਂ ਉਹ ਬੱਚਿਆਂ ਨੂੰ ਮਿਡ-ਡੇਅ ਮੀਲ ਵੀ ਨਹੀਂ ਦੇ ਰਿਹਾ ਸੀ। ਜ਼ਿਲਾ ਸਿੱਖਿਆ ਅਧਿਕਾਰੀ ਨੇ ਦੱਸਿਆ ਕਿ ਇਸ ਬਾਰੇ ਜਦੋਂ ਪਤਾ ਲੱਗਾ ਤਾਂ ਇਕ ਰਿਪੋਰਟ ਵਿਭਾਗ ਨੂੰ ਭੇਜੀ ਗਈ ਸੀ, ਜਿਸ ਉੱਤੇ ਲੋੜੀਂਦੀ ਕਾਰਵਾਈ ਨਾਲ ਸਿੱਖਿਆ ਵਿਭਾਗ ਵੱਲੋਂ ਅਧਿਆਪਕ ਪ੍ਰਗਟ ਸਿੰਘ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀ ਸ਼ਵਿੰਦਰ ਕੌਰ ਨੂੰ ਸਸਪੈਂਡ ਕਰ ਦਿੱਤਾ ਗਿਆ।


We Provide services:
- Corporation Registration
- Corporation Tax Returns
- Personal Tax Retruns
- Accounting •Book - Keeping
- H.S.T •WSIB •T4 •E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London



- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job
For Further Information Contact: 6476253344





# ਗੁਜਰਾਤ ਦੰਗਾ ਕੇਸ ਵਿਚ ਸੁਪਰੀਮ ਕੋਰਟ ਵਲੋਂ ਬਿਲਕਿਸ ਬਾਨੋ ਨੂੰ 50 ਲੱਖ ਰੁਪਏ ਮੁਆਵਜ਼ਾ ਦੇਣ ਦਾ ਹੁਕਮ



ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਸਾਲ 2002 ਦੇ ਗੁਜਰਾਤ ਦੰਗਾ ਕੇਸ ਦੀ ਸੁਣਵਾਈ ਮੌਕੇ ਸੁਪਰੀਮ ਕੋਰਟ ਨੇ ਅੱਜ ਮੰਗਲਵਾਰ ਗੁਜਰਾਤ ਸਰਕਾਰ ਨੂੰ ਦੰਗਾ ਪੀੜਤ ਬਿਲਕਿਸ ਬਾਨੋ ਨੂੰ 50 ਲੱਖ ਰੁਪਏ ਮੁਆਵਜ਼ਾ ਦੇਣ ਦਾ ਹੁਕਮ ਕੀਤਾ ਹੈ। ਚੀਫ ਜਸਟਿਸ ਰੰਜਨ ਗੋਗੋਈ ਦੀ ਪ੍ਰਧਾਨਗੀ ਵਾਲੀ ਇਸ ਬੈਂਚ ਨੇ ਗੁਜਰਾਤ ਸਰਕਾਰ ਨੂੰ ਬਿਲਕਿਸ ਬਾਨੋ ਨੂੰ ਸਰਕਾਰੀ ਨੌਕਰੀ ਅਤੇ ਨਿਯਮ ਅਨੁਸਾਰ ਰਿਹਾਇਸ਼ ਦੇਣ ਦਾ ਵੀ ਹੁਕਮ ਦਿੱਤਾ ਹੈ।

ਇਸ ਕੇਸ ਦੇ ਸਬੂਤ ਨਸ਼ਟ ਕਰਨ ਦੇ ਦੋਸ਼ੀ ਆਈ ਪੀ ਐੱਸ ਅਫਸਰ ਆਰ ਐੱਸ ਭਗੋਰਾ ਨੂੰ ਸੁਪਰੀਮ ਕੋਰਟ ਨੇ ਦੋ ਅਹੁਦੇ ਡਿਮੋਟ ਕਰਨ ਲਈ ਸੂਬਾ ਸਰਕਾਰ ਦੀ ਸਿਫ਼ਾਰਸ਼ ਨੂੰ ਚਾਰ ਹਫ਼ਤੇ ਵਿੱਚ ਲਾਗੂ ਕਰਨ ਦਾ ਵੀ ਹੁਕਮ ਦਿੱਤਾ ਹੈ। ਭਗੋਰਾ 31 ਮਈ ਨੂੰ ਸੇਵਾ ਮੁਕਤ ਹੋ ਰਿਹਾ ਹੈ। ਇਸ ਅਦਾਲਤੀ ਬੈਂਚ ਵਿਚ ਜਸਟਿਸ ਦੀਪਕ ਗੁਪਤਾ ਤੇ ਜਸਟਿਸ ਸੰਜੀਵ ਖੰਨਾ ਵੀ ਚੀਫ ਜਸਟਿਸ ਦੇ ਨਾਲ ਸ਼ਾਮਲ ਸਨ।

ਵਰਨਣ ਯੋਗ ਹੈ ਕਿ ਇਸ ਕੇਸ ਵਿਚ ਗੁਜਰਾਤ ਸਰਕਾਰ ਨੇ ਪੀੜਤ ਔਰਤ ਬਿਲਕਿਸ ਬਾਨੋ ਨੂੰ ਪੰਜ ਲੱਖ ਰੁਪਏ ਮੁਆਵਜ਼ਾ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਪਿਛਲੀ ਸੁਣਵਾਈ ਵੇਲੇ ਬਿਲਕਿਸ ਨੇ ਇਸ ਨੂੰ ਠੁਕਰਾ ਦਿੱਤਾ ਸੀ। ਪਿਛਲੀ ਸੁਣਵਾਈ ਮੌਕੇ ਸੁਪਰੀਮ ਕੋਰਟ ਨੇ ਸੂਬਾ ਸਰਕਾਰ ਨੂੰ ਦੋਸ਼ੀ ਠਹਿਰਾਏ ਪੁਲਿਸ ਵਾਲਿਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਪੂਰੀ ਕਰਨ ਨੂੰ ਕਿਹਾ ਸੀ। ਗੁਜਰਾਤ ਹਾਈ ਕੋਰਟ ਨੇ 4 ਮਈ 2017 ਨੂੰ ਭਾਰਤੀ ਦੰਡ ਕਾਨੂਨ ਦੀ ਧਾਰਾ-218 (ਡਿਊਟੀ ਨਾ ਨਿਭਾਉਣ) ਤੇ ਧਾਰਾ 201 (ਸਬੂਤਾਂ ਨਾਲ ਛੇੜਛਾੜ) ਹੇਠ ਪੰਜ ਪੁਲਿਸ ਵਾਲਿਆਂ ਤੇ ਦੋ ਡਾਕ-ਟਰਾਂ ਨੂੰ ਦੋਸ਼ੀ ਮੰਨਿਆ ਸੀ। 10 ਜੁਲਾਈ 2017 ਨੂੰ ਸੁਪਰੀਮ ਕੋਰਟ ਨੇ ਇਕ ਆਈ ਪੀ ਐੱਸ ਅਫਸਰ, ਦੋ ਡਾਕਟਰਾਂ ਤੇ ਚਾਰ ਪੁਲਿਸ ਮੁਲਾਜ਼ਮਾਂ ਦੀ ਅਪੀਲ ਰੱਦ ਕਰ ਕੇ ਕਿਹਾ ਸੀ ਕਿ ਉਨ੍ਹਾਂ ਖ਼ਿਲਾਫ਼ ਸਬੂਤ ਬਿਲਕੁਲ ਸਾਫ਼ ਹਨ। ਸੁਪਰੀਮ ਕੋਰਟ ਨੇ ਉਨ੍ਹਾਂ ਦੀ ਅਪੀਲ ਰੱਦ ਕਰਦਿਆਂ ਇਹ ਵੀ ਕਿਹਾ ਕਿ ਸੁਣਵਾਈ ਵੇਲੇ ਅਦਾਲਤ ਨੇ ਬਿਨਾਂ ਕਿਸੇ ਕਾਰਨ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ।

### ਸੈਕਸ ਸ਼ੋਸ਼ਣ ਦੂਸ਼ਣਬਾਜ਼ੀ

# ਸੁਪਰੀਮ ਕੋਰਟ ਦੇ ਮੁਲਾਜ਼ਮਾਂ ਦੀ ਐਸੋਸੀਏਸ਼ਨ ਨੇ ਚੀਫ ਜਸਟਿਸ ਦਾ ਸਮਰਥਨ ਕੀਤਾ

ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ 'ਤੇ ਲੱਗੇ ਸੈਕਸ ਸ਼ੋਸ਼ਣ ਦੇ ਦੋਸ਼ਾਂ 'ਤੇ ਬਾਰ ਕੌਂਸਲ ਅਤੇ ਖਜ਼ਾਨਾ ਮੰਤਰੀ ਵੱਲੋਂ ਗੋਗੋਈ ਦੀ ਹਮਾਇਤ 'ਚ ਆਉਣ ਤੋਂ ਬਾਅਦ ਕੱਲ੍ਹ ਸੁਪਰੀਮ ਕੋਰਟ ਦੀ ਮੁਲਾਜ਼ਮਾਂ ਦੀ ਭਲਾਈ ਐਸੋਸੀਏਸ਼ਨ ਨੇ ਵੀ ਚੀਫ ਜਸਟਿਸ ਪ੍ਰਤੀ ਸਮਰਥਨ ਪ੍ਰਗਟਾਇਆ ਹੈ। ਐਸੋਸੀਏਸ਼ਨ ਨੇ ਇਸ ਬਾਰੇ ਮਤਾ ਪਾਸ ਕਰਕੇ ਇਨ੍ਹਾਂ ਦੋਸ਼ਾਂ ਨੂੰ ਝੂਠਾ ਅਤੇ ਬੇਬੁਨਿਆਦ ਕਰਾਰ ਦਿੰਦਿਆਂ ਕਿਹਾ ਕਿ ਸੰਸਥਾ ਦੀ ਸਾਖ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਤੋਂ ਪਹਿਲਾਂ ਕੱਲ੍ਹ ਸਵੇਰੇ ਸੁਪਰੀਮ ਕੋਰਟ ਦੇ ਬਾਹਰ ਪ੍ਰਦਰਸ਼ਨ ਵੀ ਕੀਤਾ ਗਿਆ, ਜਿਸ 'ਚ ਪ੍ਰਦਰਸ਼ਨਕਾਰੀਆਂ ਨੇ ਗੋਗੋਈ 'ਤੇ ਦੋਸ਼ਾਂ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਗਈ ਸੀ। ਇਸ ਕਾਰਨ ਸੁਪਰੀਮ ਕੋਰਟ ਦੀ ਕਾਰਵਾਈ ਵੀ 15 ਮਿੰਟ ਦੇਰੀ ਨਾਲ ਸ਼ੁਰੂ ਹੋਈ ਸੀ।



ਚੀਫ ਜਸਟਿਸ ਰੰਜਨ ਗੋਗੋਈ

ਵਰਨਣ ਯੋਗ ਹੈ ਕਿ ਇਕ 35 ਸਾਲਾ ਔਰਤ ਨੇ ਚੀਫ ਜਸਟਿਸ ਉਤੇ ਸੈਕਸ ਸ਼ੋਸ਼ਣ ਦੇ ਦੋਸ਼ ਲਾਏ ਸਨ। ਔਰਤ ਦੀ ਸ਼ਿਕਾਇਤ ਉੱਤੇ ਚਾਰ ਆਨਲਾਈਨ ਵੈਬਸਾਈਟਾਂ ਨੇ ਇਹ ਖਬਰ ਛਾਪੀ ਸੀ। ਚੀਫ ਜਸਟਿਸ ਨੇ ਸ਼ਨਿਚਰਵਾਰ ਨੂੰ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਇਸ ਨੂੰ ਵੱਡੀ ਸਾਜ਼ਿਸ਼ ਕਰਾਰ ਦਿੱਤਾ ਸੀ। ਅਰੁਣ ਜੇਤਲੀ ਨੇ ਬੀਤੇ ਦਿਨੀਂ ਗੋਗੋਈ ਦੀ ਹਮਾਇਤ 'ਚ ਆਉਂਦਿਆਂ ਕਿਹਾ ਸੀ ਕਿ ਇਹ ਸਮਾਂ ਨਿਆਂਪਾਲਿਕਾ ਦੇ ਨਾਲ ਖੜੇ ਹੋਣ ਦਾ ਹੈ।

# ਨੌਂ ਸਾਲਾ ਬੱਚੀ ਦੀ ਲਾਸ਼ ਪਾਰਕ ਦੇ ਰੁੱਖ ਨਾਲ ਚੁੰਨੀ ਨਾਲ ਲਟਕੀ ਮਿਲੀ

ਰਾਈ, 23 ਅਪ੍ਰੈਲ (ਪੋਸਟ ਬਿਊਰੋ)- ਅੰਸਲ ਸਿਟੀ ਦੇ ਪਾਰਕ ਵਿੱਚ ਇੱਕ ਨੌਂ ਸਾਲਾ ਬੱਚੀ ਦੀ ਲਾਸ਼ ਰੁੱਖ ਨਾਲ ਲਟਕੀ ਮਿਲੀ ਹੈ। ਬੱਚੀ ਕੇਵਲ ਸੱਤ ਮਿੰਟ ਪਹਿਲਾਂ ਹੀ ਆਪਣੇ ਪਿਤਾ ਦੀ ਥਾਲੀ ਵਿੱਚ ਰੋਟੀ-ਸਬਜ਼ੀ ਦੇ ਕੇ ਕਮਰੇ ਵਿੱਚੋਂ ਬਾਹਰ ਨਿਕਲੀ ਸੀ। ਕੁੰਡਲੀ ਥਾਣਾ ਪੁਲਸ ਕੇਸ ਦੀ ਜਾਂਚ ਕਰ ਰਹੀ ਹੈ। ਯੂ ਪੀ ਦੇ ਹਰਦੋਈ ਜ਼ਿਲ੍ਹੇ ਦੇ ਵਾਸੀ ਰਾਮਚੰਦਰ ਨੇ ਦੱਸਿਆ ਕਿ ਉਸ ਦੇ ਚਾਰ ਬੱਚੇ ਹਨ। ਸਭ ਤੋਂ ਵੱਡੀ ਲੜਕੀ ਸੋਨਮ ਨੌਂ ਸਾਲ ਦੀ ਸੀ। ਕੱਲ੍ਹ ਸਵੇਰੇ ਉਹ ਨੌਂ ਵਜੇ ਉਹ ਫੈਕਟਰੀ ਤੋਂ ਘਰ ਆਇਆ ਤਾਂ ਉਸ ਦੀ ਪਤਨੀ ਟੀ ਡੀ ਆਈ ਵਿੱਚ ਸਫਾਈ ਦਾ ਕੰਮ ਕਰਨ ਗਈ ਹੋਈ ਸੀ। ਉਸ ਨੇ ਬੇਟੀ ਸੋਨਮ ਤੋਂ ਰੋਟੀ ਮੰਗੀ। ਸੋਨਮ ਨੇ ਪਿਤਾ ਦੀ ਥਾਲੀ ਵਿੱਚ ਸਬਜ਼ੀ-ਰੋਟੀ ਪਾ ਕੇ ਦਿੱਤੀ ਅਤੇ ਕਮਰੇ ਵਿੱਚੋਂ ਬਾਹਰ ਨਿਕਲ ਗਈ। ਸੱਤ ਮਿੰਟ ਬਾਅਦ ਲੋਕਾਂ ਨੇ ਸੂਚਨਾ ਦਿੱਤੀ ਕਿ ਉਸ ਦੀ ਬੇਟੀ ਦੀ ਲਾਸ਼ ਰੁੱਖ ਨਾਲ ਲਟਕ ਰਹੀ ਹੈ। ਜਦ ਪਾਰਕ ਵਿੱਚ ਜਾ ਕੇ ਦੇਖਿਆ ਤਾਂ ਉਹ ਚੁੰਨੀ ਨਾਲ ਲਟਕ ਰਹੀ ਸੀ। ਰੁੱਖ ਦੇ ਨੇੜੇ ਸੋਨਮ ਦੀ ਚੱਪਲ ਪਈ ਹੋਈ ਸੀ। ਰਾਮਚੰਦਰ ਨੇ ਇਸ ਬਾਰੇ ਮਕਾਨ ਮਾਲਕ ਨੂੰ ਦੱਸਿਆ। ਮੌਕੇ ਉਤੇ ਕੁੰਡਲੀ ਥਾਣਾ ਪੁਲਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਕਰ ਰਹੀ ਹੈ।

# ਰੰਜਨ ਗੋਗੋਈ ਦਾ ਪੱਖ ਲੈਣ ਵਾਲੇ ਵਕੀਲ ਨੂੰ ਨੋਟਿਸ

ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੀ ਬੈਂਚ ਨੇ ਵਕੀਲ ਉਤਸਵ ਬੈਂਸ ਨੂੰ ਨੋਟਿਸ ਜਾਰੀ ਕੀਤਾ ਹੈ, ਜਿਸ ਨੇ ਦਾਅਵਾ ਕੀਤਾ ਹੈ ਕਿ ਚੀਫ਼ ਜਸਟਿਸ ਰੰਜਨ ਗੋਗੋਈ ਨੂੰ ਸੈਕਸ ਸ਼ੋਸ਼ਣ ਦੇ ਕੇਸ ਵਿੱਚ ਸਾਜ਼ਿਸ਼ ਹੇਠ ਫਸਾਇਆ ਜਾ ਰਿਹਾ ਹੈ। ਜਸਟਿਸ ਅਰੁਣ ਮਿਸ਼ਰਾ, ਜਸਟਿਸ ਰੋਹਿੰਟਨ ਫਲੀ ਨਰੀਮਨ ਤੇ ਜਸਟਿਸ ਦੀਪਕ ਗੁਪਤਾ ਦੇ ਬੈਂਚ ਨੇ ਕੇਸ ਦੀ ਸੁਣਵਾਈ ਲਈ 24 ਅਪ੍ਰੈਲ ਦੀ ਤਾਰੀਕ ਦਿੱਤੀ ਹੈ।

ਵਰਨਣ ਯੋਗ ਹੈ ਕਿ ਸੋਮਵਾਰ ਨੂੰ ਵਕੀਲ ਉਤਸਵ ਬੈਂਸ ਨੇ ਆਪਣੀ ਫੇਸਬੁੱਕ ਪੋਸਟ ਵਿੱਚ ਆਖਿਆ ਸੀ ਕਿ ਚੀਫ ਜਸਟਿਸ ਉੱਤੇ ਸੈਕਸ ਸ਼ੋਸ਼ਣ ਦਾ ਦੋਸ਼ ਉਨ੍ਹਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੇਠ ਲਾਇਆ ਗਿਆ ਹੈ, ਤਾਂ ਕਿ ਡਰ ਜਾਣ ਤੇ ਅਹੁਦੇ ਤੋਂ ਅਸਤੀਫ਼ਾ ਦੇ ਦੇਣ। ਇਹੋ ਨਹੀਂ, ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਸਾਜ਼ਿਸ਼ ਵਿੱਚ ਸ਼ਾਮਲ ਹੋਣ ਲਈ ਉਸ ਵਕੀਲ ਨਾਲ ਵੀ ਸੰਪਰਕ ਕੀਤਾ ਗਿਆ ਸੀ, ਪਰ ਉਨ੍ਹਾਂ ਨੇ ਆਫ਼ਰ ਸਵੀਕਾਰ ਨਹੀਂ ਕੀਤੀ। ਬੈਂਸ ਨੇ ਕਿਹਾ ਕਿ ਉਨ੍ਹਾਂ ਨੂੰ ਇਕ ਨੌਜਵਾਨ ਨੇ ਪ੍ਰੈੱਸ ਕਲੱਬ ਆਫ਼ ਇੰਡੀਆ ਵਿੱਚ ਚੀਫ਼ ਜਸਟਿਸ ਰੰਜਨ ਗੋਗੋਈ ਦੇ ਖ਼ਿਲਾਫ਼ ਇਕ ਪ੍ਰੈੱਸ ਕਾਨਫਰੰਸ ਕਰਨ ਲਈ ਕਿਹਾ ਸੀ। ਉਨ੍ਹਾਂ ਕਿਹਾ ਕਿ ਉਸ ਬੰਦੇ ਨੇ ਆਸ-ਾਰਾਮ ਕੇਸ ਦੇ ਪੀੜਤ ਪੱਖ ਵਿੱਚ ਮੇਰੇ ਕੰਮ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਉਹ ਪੀੜਤ ਦਾ ਰਿਸ਼ਤੇਦਾਰ ਹੈ, ਪਰ ਉਨ੍ਹਾਂ ਨੂੰ ਏਦਾਂ ਨਹੀਂ ਲੱਗਾ। ਉਸ ਵਿਅਕਤੀ ਨੇ ਇਹ ਵੀ ਕਿਹਾ ਕਿ ਮੈਂ ਪੀੜਤ ਵਿਅਕਤੀ ਦੀ ਪੈਰਵੀ ਕਰਾਂ ਤਾਂ ਉਹ ਮੈਨੂੰ 50 ਲੱਖ ਰੁਪਏ ਦੇਵੇਗਾ। ਮੇਰੇ ਇਨਕਾਰ ਪਿੱਛੋਂ ਵੀ ਉਹ ਨਹੀਂ ਮੰਨਿਆ ਤੇ ਉਸ ਨੇ ਮੈਨੂੰ ਡੇਢ ਕਰੋੜ ਰੁਪਏ ਦੇਣ ਦੀ ਗੱਲ ਕੀਤੀ ਸੀ। ਮੈਂ ਉਸ ਨੂੰ ਸਾਫ਼ ਇਨਕਾਰ ਕਰ ਕੇ ਉਸ ਨੂੰ ਚਲੇ ਜਾਣ ਨੂੰ ਕਿਹਾ।

# ਨਿਰੂਪਮ ਮਾਣਹਾਨੀ ਕੇਸ ਵਿੱਚ ਸਮ੍ਰਿਤੀ ਈਰਾਨੀ ਨੂੰ ਨੋਟਿਸ ਜਾਰੀ

ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਮਾਣਹਾਨੀ ਕੇਸ ਵਿੱਚ ਕੇਂਦਰੀ ਮੰਤਰੀ ਸਮ੍ਰਿਤੀ ਈਰਾਨੀ ਨੂੰ ਨੋਟਿਸ ਜਾਰੀ ਕੀਤਾ ਹੈ। ਈਰਾਨੀ ਨੂੰ ਇਹ ਨੋਟਿਸ ਕਾਂਗਰਸ ਨੇਤਾ ਸੰਜੇ ਨਿਰੂਪਮ ਦੀ ਅਰਜ਼ੀ 'ਤੇ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਉਨ੍ਹਾਂ ਨੇ ਆਪਣੇ ਖਿਲਾਫ ਚੱਲਦੇ ਮਾਣਹਾਨੀ ਦੇ ਕੇਸ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਈਰਾਨੀ ਨੇ ਨਿਰੂਪਮ 'ਤੇ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਹੋਇਆ ਹੈ।



ਅਸਲ ਵਿੱਚ ਇਕ ਮਾਮਲੇ 'ਚ ਦਿੱਲੀ ਹਾਈ ਕੋਰਟ ਸੰਜੇ ਨਿਰੂਪਮ ਵੱਲੋਂ ਦਾਇਰ ਮੁਕੱਦਮੇ ਉਤੇ ਸਮ੍ਰਿਤੀ ਈਰਾਨੀ ਲਈ ਜਾਰੀ ਹੋਏ ਨੋਟਿਸ ਨੂੰ ਰੱਦ ਕਰ ਚੁੱਕੀ ਹੈ। ਹਾਈ ਕੋਰਟ ਨੇ ਈਰਾਨੀ ਦੀ ਪਟੀਸ਼ਨ 'ਤੇ ਨਿਰੂਪਮ ਦੀ ਇਸੇ ਤਰ੍ਹਾਂ ਦੀ ਰਾਹਤ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਹੈ। ਹਾਈ ਕੋਰਟ ਨੇ 19 ਦਸੰਬਰ 2018 ਨੂੰ ਸੁਣਵਾਈ ਮੌਕੇ ਕਿਹਾ ਕਿ ਨਿਰੂਪਮ ਦੇ ਖਿਲਾਫ ਮਾਮਲਾ ਜਾਰੀ ਰਹੇਗਾ। ਕੱਲ੍ਹ ਸੁਪਰੀਮ ਕੋਰਟ 'ਚ ਚੀਫ ਜਸਟਿਸ ਰੰਜਨ ਗੋਗੋਈ ਨੇ ਸੰਜੇ ਨਿਰੂਪਮ ਦੀ ਅਰਜ਼ੀ 'ਤੇ ਈਰਾਨੀ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਵਿਚ ਕਾਂਗਰਸੀ ਆਗੂ ਸੰਜੇ ਨਿਰੂਪਮ ਨੇ ਹੇਠਲੀ ਅਦਾਲਤ ਦੇ 11 ਮਾਰਚ 2013 ਦੇ ਉਸ ਆਦੇਸ਼ ਨੂੰ ਚੁਣੌਤੀ ਦਿੱਤੀ ਹੈ, ਜਿਸ 'ਚ ਉਨ੍ਹਾਂ ਨੂੰ ਈਰਾਨੀ ਨੇ ਮਾਣਹਾਨੀ ਕੇਸ ਵਿੱਚ ਦੋਸ਼ੀ ਵਜੋਂ ਤਲਬ ਕੀਤਾ ਗਿਆ ਸੀ। ਸੰਜੇ ਨਿਰੂਪਮ ਨੇ ਈਰਾਨੀ ਵੱਲੋਂ ਇਕ ਜਨਵਰੀ 2013 ਨੂੰ ਦਾਖਲ ਕੀਤੀ ਅਰਜ਼ੀ ਰੱਦ ਕਰਨ ਦੀ ਮੰਗ ਕੀਤੀ ਹੈ, ਜਦ ਕਿ ਈਰਾਨੀ ਨੇ ਇਸੇ ਨਾਲ ਜੁੜੇ ਕੇਸ ਵਿੱਚ ਛੇ ਜੂਨ 2014 ਨੂੰ ਹੇਠਲੀ ਅਦਾਲਤ ਵੱਲੋਂ ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਜਾਣ ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਹੈ। ਉਸ ਨੋਟਿਸ 'ਚ ਨਿਰੂਪਮ ਵੱਲੋਂ ਈਰਾਨੀ ਖਿਲਾਫ ਦਾਇਰ ਮਾਣਹਾਨੀ ਮੁਕੱਦਮੇ ਨੂੰ ਖਾਰਜ ਕਰਨ ਦੀ ਮੰਗ ਕੀਤੀ ਗਈ ਹੈ। ਦਿੱਲੀ ਹਾਈ ਕੋਰਟ ਨੇ ਇਕ ਦੂਜੇ 'ਤੇ ਦਾਇਰ ਦੋਵਾਂ ਕੇਸਾਂ ਵਿੱਚ ਸਮਝੌਤੇ ਦੀ ਦੋਵਾਂ ਨੂੰ ਸਲਾਹ ਦਿੱਤੀ ਹੈ। ਗੁਜਰਾਤ ਵਿਧਾਨ ਸਭਾ ਚੋਣ ਨਤੀਜੇ ਆਉਣ ਮੌਕੇ 20 ਦਸੰਬਰ 2012 ਨੂੰ ਇਕ ਟੀ ਵੀ ਪ੍ਰੋਗਰਾਮ ਵਿੱਚ ਚੱਲਦੀ ਬਹਿਸ ਦੌਰਾਨ ਦੋਵਾਂ ਆਗੂਆਂ ਨੇ ਇਕ ਦੂਜੇ 'ਤੇ ਤਿੱਖੇ ਦੋਸ਼ ਲਗਾਏ ਸਨ। ਦੋਵੇਂ ਮਾਣਹਾਨੀ ਮੁਕੱਦਮੇ ਉਸੇ ਬਹਿਸ ਨਾਲ ਸਬੰਧਤ ਹਨ।

# ਉੜੀਸਾ ਵਿੱਚ ਮੈਜਿਸਟਰੇਟ, ਬੀ ਜੇ ਡੀ ਉਮੀਦਵਾਰ ਅਤੇ ਕਾਂਗਰਸ ਆਗੂ ਜ਼ਖਮੀ

ਭੁਵਨੇਸ਼ਵਰ, 23 ਅਪ੍ਰੈਲ (ਪੋਸਟ ਬਿਊਰੋ)- ਉੜੀਸਾ ਵਿੱਚ ਬੀਤੇ ਐਤਵਾਰ ਹੋਈ ਹਿੰਸਾ ਦੀਆਂ ਕਈ ਘਟਨਾਵਾਂ ਵਿੱਚ ਚੋਣ ਕਮਿਸ਼ਨ ਦੇ ਇੱਕ ਮੈਜਿਸਟਰੇਟ 'ਤੇ ਹਮਲਾ ਕਰਨ ਦੇ ਦੋਸ਼ ਵਿੱਚ ਬੀਜੂ ਜਨਤਾ ਦਲ ਦੇ ਉਮੀਦਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਹਿੰਸਾ ਦੇ ਅਲੱਗ-ਅਲੱਗ ਕੇਸਾਂ ਵਿੱਚ ਉੜੀਸਾ ਕਾਂਗਰਸ ਕਮੇਟੀ ਦੇ ਪ੍ਰਧਾਨ ਨਿਰੰਜਨ ਪਟਨਾਇਕ ਅਤੇ ਇੱਕ ਹੋਰ ਬੀ ਜੇ ਡੀ ਉਮੀਦਵਾਰ ਸਮੇਤ 11 ਲੋਕ ਜ਼ਖਮੀ ਹੋ ਗਏ।

ਪੁਲਸ ਨੇ ਕੱਲ੍ਹ ਕਿਹਾ ਕਿ ਭਾਜਪਾ ਦੇ ਵਿਧਾਨ ਸਭਾ ਦੇ ਉਮੀਦਵਾਰ ਦੀ ਕਾਰ 'ਤੇ ਬੰਬ ਸੁੱਟੇ ਗਏ, ਪਰ ਇਸ ਨਾਲ ਕੋਈ ਜ਼ਖਮੀ ਨਹੀਂ ਹੋਇਆ। ਐਤਵਾਰ ਤੀਸਰੇ ਪੜਾਅ ਲਈ ਪ੍ਰਚਾਰ ਮੁਹਿੰਮ ਦਾ ਸਮਾਂ ਖਤਮ ਹੋਣ ਤੋਂ ਕਰੀਬ ਇੱਕ ਘੰਟਾ ਪਹਿਲਾਂ ਹਿੰਸਾ ਸ਼ੁਰੂ ਹੋਈ। ਪੁਰੀ ਦੇ ਜ਼ਿਲ੍ਹਾ ਅਧਿਕਾਰੀ ਤੇ ਸਹਿ-ਜ਼ਿਲ੍ਹਾ ਚੋਣ ਅਧਿਕਾਰੀ ਜੇ ਬੀ ਦਾਸ ਨੇ ਦੋਸ਼ ਲਾਇਆ ਕਿ ਮੌਜੂਦਾ ਵਿਧਾਇਕ ਅਤੇ ਬੀ ਜੇ ਡੀ ਦੇ ਵਿਧਾਨ ਸਭਾ ਉੱਪ ਚੋਣ ਦੇ ਉਮੀਦਵਾਰ ਪ੍ਰਦੀਪ ਮਹਾਰਥੀ ਨੇ ਪੀਪਲੀ ਵਿੱਚ ਚੋਣ ਉਡਣ ਦਸਤੇ ਦੇ ਮੈਜਿਸਟਰੇਟ ਉੱਤੇ ਹਮਲਾ ਕੀਤਾ। ਚੋਣ ਜ਼ਾਬਤੇ ਦੀ ਉਲੰਘਣਾ ਕਰ ਕੇ ਰੁਪਏ ਅਤੇ ਸ਼ਰਾਬ ਵੰਡਣ ਬਾਰੇ ਸ਼ਿਕਾਇਤ 'ਤੇ ਚੋਣ ਕਮਿਸ਼ਨ ਦੀ ਟੀਮ ਰਾਤ ਕਰੀਬ 11.30 ਵਜੇ ਮਹਾਰਥੀ ਦੇ ਫਾਰਮ ਹਾਊਸ 'ਤੇ ਗਈ ਸੀ। ਕੈਪੀਟਲ ਹਸਪਤਾਲ ਵਿੱਚ ਭਰਤੀ ਮੈਜਿਸਟਰੇਟ ਰਵੀ ਨਾਰਾਇਣ ਪਾਤਰਾ ਨੇ ਦੱਸਿਆ, 'ਜਦੋਂ ਅਸੀਂ ਉਥੇ ਪਹੁੰਚੇ ਪ੍ਰਦੀਪ ਮਹਾਰਥੀ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਫਿਰ ਮੇਰੀ ਟੀਮ 'ਤੇ ਹਮਲਾ ਕੀਤਾ।'' ਇਸ ਹਮਲੇ ਵਿੱਚ ਪੁਲਸ ਦੇ ਸਹਾਇਕ ਡਿਪਟੀ ਇੰਸਪੈਕਟਰ ਵਿਨੈ ਕੁਮਾਰ ਦਾਸ ਅਤੇ ਉਨ੍ਹਾਂ ਦੀ ਕਾਰ ਦਾ ਚਾਲਕ ਦੀਪਕ ਵੀ ਜ਼ਖਮੀ ਹੋ ਗਿਆ ਸੀ।



ਉੜੀਸਾ ਕਾਂਗਰਸ ਕਮੇਟੀ ਦੇ ਪ੍ਰਧਾਨ ਨਿਰੰਜਨ ਪਟਨਾਇਕ

# ਅੱਠਵੀਂ ਤੱਕ ਫੇਲ੍ਹ ਨਾ ਕਰਨ ਦੀ ਨੀਤੀ ਬਦਲਣ ਨਾਲ ਸਕੂਲਾਂ ਨੂੰ ਰਾਹਤ

ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਸਕੂਲਾਂ 'ਚ ਅੱਠਵੀਂ ਤੱਕ ਫੇਲ੍ਹ ਨਾ ਕਰਨ ਦੀ ਨੀਤੀ 'ਚ ਬਦਲਾਅ 'ਤੇ ਕਈ ਰਾਜਾਂ ਨੇ ਹਾਲੇ ਤੱਕ ਸਹਿਮਤੀ ਨਹੀਂ ਦਿੱਤੀ, ਪਰ ਕੇਂਦਰੀ ਵਿਦਿਆਲਾ ਵਰਗੇ ਸੰਗਠਨਾਂ ਵਿੱਚ ਇਸ ਬਦਲਾਅ ਨੂੰ ਭਾਰੀ ਰਾਹਤ ਦੇ ਰੂਪ ਵਿੱਚ ਦੇਖਿਆ ਗਿਆ ਹੈ। ਉਨ੍ਹਾਂ ਨੂੰ ਬਦਲਾਅ ਨਾਲ ਅੱਠਵੀਂ ਤੱਕ ਬਰਬਾਦ ਹੋਈ ਪੜ੍ਹਾਈ ਵਿੱਚ ਸੁਧਾਰ ਦੀ ਆਸ ਹੈ। ਇਸ ਦਾ ਅਸਰ ਨੌਵੀਂ 'ਚ ਦਿਖਾਈ ਦੇਣ ਲੱਗਾ ਹੈ, ਜਿਥੇ ਬੱਚਿਆਂ ਦੀ ਭੀੜ ਘੱਟ ਲੱਗੀ ਹੈ। ਅੱਠਵੀਂ ਤੱਕ ਫੇਲ੍ਹ ਨਾ ਕਰਨ ਦੀ ਨੀਤੀ ਨਾਲ ਸਕੂਲਾਂ ਨੂੰ ਭਾਰੀ ਖਮਿਆਜ਼ਾ ਭੁਗਤਣਾ ਪੈਂਦਾ ਸੀ। ਇਕ ਪਾਸੇ ਜਿਥੇ ਨੌਵੀਂ ਦੀ ਜਮਾਤ ਵਿੱਚ ਵੱਡੀ ਗਿਣਤੀ ਵਿੱਚ ਬੱਚੇ ਪਹੁੰਚਦੇ ਸਨ, ਉਥੇ ਦੂਜੇ ਪਾਸੇ ਨੌਵੀਂ ਵਿੱਚ ਪੰਜਾਹ ਫੀਸਦੀ ਬੱਚੇ ਫੇਲ੍ਹ ਵੀ ਹੋ ਜਾਂਦੇ ਹਨ। ਅਜਿਹੇ ਵਿੱਚ ਸਕੂਲਾਂ ਵਿੱਚ ਨੌਵੀਂ ਦੀ ਜਮਾਤ ਵਿੱਚ ਇੰਨੇ ਬੱਚੇ ਹੋ ਜਾਂਦੇ ਸਨ ਕਿ ਸਕੂਲਾਂ ਵਿੱਚ ਉਨ੍ਹਾਂ ਲਈ ਜਮਾਤਾਂ ਵਾਲੇ ਕਮਰੇ ਛੋਟੇ ਹੋ ਜਾਂਦੇ ਸਨ। ਕੇਂਦਰੀ ਵਿਦਿਆਲਾ ਸੰਗਠਨ ਨਾਲ ਦੇ ਅਫਸਰਾਂ ਮੁਤਾਬਕ ਫੇਲ੍ਹ ਨਾ ਕਰਨ ਦੀ ਨੀਤੀ ਵਿੱਚ ਬਦਲਾਅ ਤੋਂ ਬਾਅਦ ਪੜ੍ਹਨ ਵਿੱਚ ਕਮਜ਼ੋਰ ਵਿਦਿਆਰਥੀ ਪੰਜਵੀਂ ਤੋਂ ਬਾਅਦ ਹੀ ਫੇਲ੍ਹ ਹੋਣਗੇ। ਅਜਿਹੇ ਵਿੱਚ ਉਹ ਪੜ੍ਹਾਈ ਲਿਖਾਈ ਵੱਲ ਧਿਆਨ ਦੇਣਗੇ ਅਤੇ ਮਾਪੇ ਵੀ ਬੇਫਿਕਰ ਨਹੀਂ ਹੋਣਗੇ। ਫਿਲਹਾਲ ਕੇਂਦਰੀ ਵਿਦਿਆਲਿਆ ਵਿੱਚ ਇਸ ਦਾ ਅਸਰ ਦਿਸਿਆ ਹੈ। ਨੌਵੀਂ ਵਿੱਚ ਪਹਿਲਾਂ ਦੇ ਮੁਕਾਬਲੇ ਬੱਚਿਆਂ ਦੀ ਭੀੜ ਘੱਟ ਹੋਈ ਹੈ। ਅੱਠਵੀਂ ਵਿੱਚ ਹੀ ਕਮਜ਼ੋਰ ਬੱਚਿਆਂ ਨੂੰ ਡ੍ਰਾਪ ਕਰ ਦਿੱਤਾ ਗਿਆ ਹੈ। ਖਾਸ ਗੱਲ ਇਹ ਕਿ ਸਕੂਲੀ ਸਿੱਖਿਆ ਦੀ ਗੁਣਵੱਤਾ ਦੇ ਸੁਧਾਰ ਵਿੱਚ ਮੌਜੂਦਾ ਸਰਕਾਰ ਦੇ ਰਸਤੇ ਦੀ ਇਹ ਨੀਤੀ ਇਕ ਰੁਕ-ਾਵਟ ਸੀ। ਸਰਕਾਰ ਨੇ ਇਸ ਨੀਤੀ ਨੂੰ ਖਤਮ ਕਰਨ ਦੀ ਕੋਸ਼ਿਸ਼ ਸੱਤਾ ਸੰਭਾਲਣ ਤੋਂ ਬਾਅਦ 2014 ਤੋਂ ਸ਼ੁਰੂ ਕਰ ਦਿੱਤੀ ਸੀ।



# ਰਾਹੁਲ ਗਾਂਧੀ ਦੀ ਨਾਗਰਿਕਤਾ ਵਿਰੁੱਧ ਇਤਰਾਜ਼ ਰੱਦ

ਅਮੇਠੀ, 23 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਨਾਗਰਿਕਤਾ 'ਤੇ ਸਵਾਲ ਚੁਕਦਿਆਂ ਯੂ ਪੀ ਦੇ ਅਮੇਠੀ ਲੋਕ ਸਭਾ ਹਲਕੇ ਤੋਂ ਉਸ ਦੇ ਨਾਮਜ਼ਦਗੀ ਕਾਗਜ਼ ਰੱਦ ਕਰਨ ਦੀ ਮੰਗ ਰਿਟਰਨਿੰਗ ਅਫਸਰ ਨੇ ਰੱਦ ਕਰ ਦਿੱਤੀ ਹੈ ਅਤੇ ਨਾਮਜ਼ਦਗੀ ਪੱਤਰ ਨੂੰ ਰਿਟਰਨਿੰਗ ਅਫਸਰ ਰਾਮ ਮਨੋਹਰ ਮਿਸ਼ਰਾ ਨੇ ਸਹੀ ਦੱਸਿਆ ਹੈ।

ਵਰਨਣ ਯੋਗ ਹੈ ਕਿ ਅਮੇਠੀ ਤੋਂ ਬਹੁਜਨ ਮੁਕਤੀ ਪਾਰਟੀ ਦੇ ਉਮੀਦਵਾਰ ਅਫਜ਼ਲ ਵਾਰਿਸ ਤੇ ਧਰੁਵ ਲਾਲ ਆਦਿ ਤਿੰਨ ਆਜ਼ਾਦ ਉਮੀਦਵਾਰਾਂ ਨੇ ਰਾਹੁਲ ਦੀ ਨਾਗਰਿਕਤਾ ਬਾਰੇ ਸਵਾਲ ਕੀਤਾ ਤੇ ਰਿਟਰਨਿੰਗ ਅਫਸਰ ਨੂੰ ਸ਼ਿਕਾਇਤ ਕੀਤੀ ਸੀ ਕਿ ਰਾਹੁਲ ਨੇ ਬ੍ਰਿਟਿਸ਼ ਨਾਗਰਿਕਤਾ ਲਈ ਸੀ, ਇਸ ਲਈ ਉਸ ਦੀ ਨਾਮਜ਼ਦਗੀ ਰੱਦ ਕੀਤੀ ਜਾਵੇ। ਰਾਹੁਲ ਦੇ ਵਕੀਲ ਕੌਸ਼ਿਕ ਨੇ ਦੱਸਿਆ ਕਿ ਚਾਰ ਜਣਿਆਂ ਨੇ ਇਤਰਾਜ਼ ਕੀਤੇ ਸਨ, ਚਾਰਾਂ ਵਿੱਚ ਦਿੱਤੇ ਗਏ ਸਾਰੇ ਤੱਥ ਬਿਲਕੁਲ ਇੱਕੋ ਹਨ। ਇੰਝ ਲੱਗਦਾ ਹੈ ਕਿ ਚਾਰੇ ਇਤਰਾਜ਼ ਇਕੱਠੇ ਤਿਆਰ ਕੀਤੇ ਗਏ ਹਨ ਤੇ ਅਸੀਂ ਹਰ ਸਵਾਲ ਦਾ ਜਵਾਬ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਨਾਗਰਿਕਤਾ ਦਾ ਮੁੱਦਾ ਸੁਪਰੀਮ ਕੋਰਟ ਵਿੱਚ ਵੀ ਗਿਆ ਸੀ, ਓਦੋਂ ਜੋ ਫੈਸਲਾ ਕੀਤਾ ਗਿਆ, ਉਸ ਦੀ ਇੱਕ ਕਾਪੀ ਰਿਟਰਨਿੰਗ ਅਫਸਰ ਨੂੰ ਦੇ ਦਿੱਤੀ ਹੈ। ਉਨ੍ਹਾਂ ਕਿਹਾ, ਸਾਡਾ ਕਹਿਣਾ ਹੈ ਕਿ ਨਾਗਰਿਕਤਾ ਕਾਨੂੰਨ ਤਹਿਤ ਸਪੱਸ਼ਟ ਕੀਤਾ ਗਿਆ ਹੈ ਕਿ ਰਿਟਰਨਿੰਗ ਅਫਸਰ ਅਜਿਹੇ ਕੇਸਾਂ ਬਾਰੇ ਵਿਚਾਰ ਨਹੀਂ ਕਰ ਸਕਦਾ। ਅਸੀਂ ਰਿਟਰਨਿੰਗ ਅਫਸਰ ਨੂੰ ਕਿਹਾ ਹੈ ਕਿ ਸਾਰੇ ਇਤਰਾਜ਼ ਬੇਬੁਨਿਆਦ ਹਨ ਅਤੇ ਤੁਹਾਨੂੰ ਇਸ ਬਾਰੇ ਫੈਸਲਾ ਕਰਨ ਦਾ ਅਧਿਕਾਰ ਵੀ ਨਹੀਂ। ਅਜਿਹੇ ਮਾਮਲੇ ਸਿਰਫ ਨਾਗਰਿਕਤਾ ਕਾਨੂੰਨ ਤਹਿਤ ਨਿਰਧਾਰਤ ਅਦਾਲਤ ਹੀ ਵੇਖ ਸਕਦੀ ਹੈ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed

Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

## ਆਤਮਘਾਤੀ ਦੀ ਪਤਨੀ ਅਤੇ ਭੈਣ ਧਮਾਕੇ ਵਿੱਚ ਹਲਾਕ



ਕੋਲੰਬੋ, 23 ਅਪ੍ਰੈਲ (ਪੋਸਟ ਬਿਊਰੋ)- ਇਥੇ ਸ਼ੰਗਰੀ ਲਾ ਹੋਟਲ 'ਚ ਧਮਾਕਾ ਕਰਨ ਵਾਲੇ ਇਕ ਆਤਮਘਾਤੀ ਹਮਲਾਵਰ ਦੀ ਪਤਨੀ ਅਤੇ ਭੈਣ ਇਕ ਹੋਰ ਹਮਲੇ 'ਚ ਮਾਰੀਆਂ ਗਈਆਂ। ਇਹ ਧਮਾਕਾ ਓਦੋਂ ਹੋਇਆ ਸੀ ਜਦੋਂ ਕੋਲੰਬੋ ਦੀ ਉਪ ਨਗਰੀ ਦੇ ਇਕ ਘਰ ਛਾਪਾ ਮਾਰਨ ਗਈ ਪੁਲਸ ਨੂੰ ਦੇਖ ਕੇ ਹਮਲਾਵਰ ਨੇ ਆਪਣੇ ਆਪ ਨੂੰ ਉਡਾ ਲਿਆ।

ਪੁਲਸ ਨੇ ਕੋਲੰਬੋ ਦੇ ਚੀਫ ਮੈਜਿਸਟਰੇਟ ਦੀ ਅਦਾਲਤ ਨੂੰ ਦੱਸਿਆ ਕਿ ਸ਼ੰਗਰੀ ਲਾ ਹੋਟਲ 'ਚ ਹਮਲਾ ਕਰਨ ਵਾਲੇ ਆਤਮਘਾਤੀ ਹਮਲਾਵਰ ਦੀ ਪਛਾਣ ਇਕ ਫੈਕਟਰੀ ਦੇ ਮਾਲਕ ਇਨਸਾਨ ਸੀਲਾਵਨ ਦੇ ਤੌਰ 'ਤੇ ਹੋਈ ਹੈ। ਦੇਮਾਟਾਗੋੜਾ ਵਿਖੇ ਕੋਲੰਬੋ ਦੀ ਉਤਰੀ ਉਪ ਨਗਰੀ ਓਜੂਗੋਦਾਵੱਟਾ ਵਿਖੇ ਜਦੋਂ ਪੁਲਸ ਇਕ ਘਰ ਦੀ ਤਲਾਸ਼ੀ ਲੈਣ ਪੁੱਜੀ ਤਾਂ ਉਥੇ ਇਕ ਆਤਮਘਾਤੀ ਹਮਲਾਵਰ ਨੇ ਖੁਦ ਨੂੰ ਉਡਾ ਲਿਆ, ਜਿਸ ਨਾਲ ਘਰ ਦੀ ਛੱਤ ਉਨ੍ਹਾਂ ਉੱਤੇ ਡਿੱਗ ਪਈ, ਜਿਸ ਵਿੱਚ ਤਿੰਨ ਪੁਲਸ ਵਾਲੇ ਵੀ ਮਾਰੇ ਗਏ। ਇਸ ਮੌਕੇ ਸ਼ੰਗਰੀ ਲਾ ਹੋਟਲ 'ਚ ਹਮਲਾ ਕਰਨ ਵਾਲੇ ਹਮਲਾਵਰ ਦੀ ਪਤਨੀ ਅਤੇ ਭੈਣ ਵੀ ਮਾਰੀਆਂ ਗਈਆਂ। ਪੁਲਸ ਵੱਲੋਂ ਗ੍ਰਿਫਤਾਰ ਕੀਤੇ 24 ਲੋਕਾਂ 'ਚ ਸੀਲਾਵਨ ਦੀ ਫੈਕਟਰੀ ਦੇ 9 ਕਰਮਚਾਰੀ ਵੀ ਸ਼ਾਮਲ ਹਨ। ਅਦਾਲਤ ਨੇ ਇਨ੍ਹਾਂ ਨੂੰ ਛੇ ਮਈ ਤੱਕ ਹਿਰਾਸਤ 'ਚ ਭੇਜ ਦਿੱਤਾ।

## ਇਸਲਾਮਿਕ ਸਟੇਟ ਨੇ ਸ਼੍ਰੀਲੰਕਾ ਹਮਲੇ ਦੀ ਜ਼ਿੰਮੇਵਾਰੀ ਲਈ

### * ਮ੍ਰਿਤਕਾਂ ਵਿੱਚ ਭਾਰਤੀਆਂ ਦੀ ਗਿਣਤੀ 10 ਹੋਈ

ਕੋਲੰਬੋ, 23 ਅਪ੍ਰੈਲ (ਪੋਸਟ ਬਿਊਰੋ)- ਇਸਲਾਮਿਕ ਸਟੇਟ ਨੇ ਆਪਣੀ ਅਮਾਕ ਨਿਊਜ਼ ਏਜੰਸੀ ਦੇ ਰਾਹੀਂ ਸ਼੍ਰੀਲੰਕਾ ਬੰਬ ਧਮਾਕਿਆਂ ਦੀ ਜ਼ਿੰਮੇਵਾਰੀ ਲੈਣ ਦਾ ਦਾਅਵਾ ਕੀਤਾ ਹੈ। ਵਰਨਣ ਯੋਗ ਕਿ ਸ਼੍ਰੀਲੰਕਾ ਵਿੱਚ ਐਤਵਾਰ ਨੂੰ ਚਰਚ ਅਤੇ ਹੋਟਲਾਂ ਵਿਚ ਹੋਏ ਲੜੀਵਾਰ ਧਮਾਕੇ ਹੋਏ ਅਤੇ ਈਸਟਰ ਦੇ ਇਸ ਦਿਨ ਚਰਚਾਂ ਅਤੇ ਲਗਜ਼ਰੀ ਹੋਟਲਾਂ ਵਿਚ 300 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ। ਇਸ ਹਮਲੇ ਦੀ ਸਾਜ਼ਿਸ਼ ਘੜਨ ਬਾਰੇ ਕਈ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਅੱਜ ਮੰਗਲਵਾਰ ਨੂੰ ਸ਼੍ਰੀਲੰਕਾ ਦੇ ਉਪ ਰੱਖਿਆ ਮੰਤਰੀ ਰੁਵਾਨ ਵਿਜੇਵਰਧਨੇ ਨੇ ਸ਼੍ਰੀਲੰਕਾਈ ਪਾਰਲੀਮੈਂਟ ਵਿਚ ਦੱਸਿਆ ਕਿ ਇਸ ਹਮਲੇ ਨੂੰ ਅੱਤਵਾਦੀਆਂ ਨੇ ਕ੍ਰਾਈਸਟਚਰਚ ਦਾ ਬਦਲਾ ਦੱਸਿਆ ਹੈ।



ਵਰਨਣ ਯੋਗ ਹੈ ਕਿ ਲੜੀਵਾਰ ਧਮਾਕਿਆਂ ਵਿੱਚ ਘੱਟੋ ਘੱਟ 310 ਲੋਕਾਂ ਦੀ ਮੌਤ ਹੋ ਗਈ ਤੇ 500 ਤੋਂ ਜ਼ਿਆਦਾ ਜ਼ਖਮੀ ਦੱਸੇ ਗਏ ਹਨ। ਧਮਾਕਿਆਂ ਵਿਚ ਮਾਰੇ ਗਏ ਭਾਰਤੀਆਂ ਦੀ ਗਿਣਤੀ 10 ਹੋ ਗਈ ਹੈ। ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜੇਯਨ ਨੇ ਮਾਰੇ ਗਏ ਲੋਕਾਂ ਵਿਚੋਂ ਇਕ ਪੀ ਐਸ ਰਸੀਨਾ ਦੀ ਪਛਾਣ ਕੀਤੀ ਹੈ, ਪਰ ਸ਼੍ਰੀਲੰਕਾ ਨੇ ਅਜੇ ਉਸ ਦੀ ਕੋਈ ਪੁਸ਼ਟੀ ਨਹੀਂ ਕੀਤੀ। ਮਾਰੇ ਗਏ ਭਾਰਤੀਆਂ ਵਿਚ ਕਰਨਾਟਕ ਦੇ ਚਾਰ ਜਨਤਾ ਦਲ (ਸੈਕੂਲਰ) ਦੇ ਵਰਕਰ ਸਨ, ਜੋ ਸ਼੍ਰੀਲੰਕਾ ਦੀ ਯਾਤਰਾ ਉਤੇ ਸਨ। ਹਮਲੇ ਵਿਚ ਸ਼ਾਮਲ 7 ਆਤਮਘਾਤੀ ਹਮਲਾਵਰਾਂ ਨੂੰ ਇਕ ਇਸਲਾਮੀ ਵੱਖਵਾਦੀ ਗਰੁੱਪ ਨੈਸ਼ਨਲ ਤੌਹੀਦ ਜਮਾਤ (ਐਨ ਟੀ ਜੇ) ਦਾ ਮੈਂਬਰ ਮੰਨਿਆ ਜਾਂਦਾ ਹੈ, ਜਿਨ੍ਹਾਂ ਨੇ ਈਸਟਰ ਮੌਕੇ ਧਮਾਕੇ ਕੀਤੇ ਹਨ।

## ਡਿਪੋਰਟ ਕੀਤੇ ਤਿੰਨ ਭਾਰਤੀ ਪਾੜ੍ਹਿਆਂ ਲਈ ਫਿਰ ਦਰਵਾਜ਼ੇ ਖੁੱਲ੍ਹੇ

ਆਕਲੈਂਡ, 23 ਅਪ੍ਰੈਲ (ਪੋਸਟ ਬਿਊਰੋ)- ਦੋ ਕੁ ਸਾਲ ਪਹਿਲਾਂ ਨਿਊਜ਼ੀਲੈਂਡ ਤੋਂ ਡਿਪੋਰਟ ਕੀਤੇ ਕਈ ਵਿਦਿਆਰਥੀਆਂ ਵਿੱਚੋਂ ਕੁਝਨਾਂ ਦੇ ਲਈ ਮੁੜ ਵਾਪਸੀ ਦਾ ਰਾਹ ਖੁੱਲ੍ਹ ਗਿਆ ਹੈ, ਜਿਨ੍ਹਾਂ 'ਚੋਂ ਕਈ ਪੰਜਾਬ ਨਾਲ ਸਬੰਧਤ ਸਨ। ਇਹ ਵੇਖਿਆ ਜਾਣਾ ਬਾਕੀ ਹੈ ਕਿ 30-30 ਹਜ਼ਾਰ ਡਾਲਰ ਗੁਆ ਕੇ ਮੁੜ ਇਹ ਵਿਦਿਆਰਥੀ ਵਾਪਸ ਆਉਣਾ ਚਾਹੁਣਗੇ? ਉਸ ਤੋਂ ਬਾਅਦ ਵੀਜ਼ਾ ਨਿਯਮਾਂ 'ਚ ਤਬਦੀਲੀਆਂ ਹੋਣ ਕਰਕੇ ਪੱਕੇ ਹੋਣ ਵਾਲਾ ਰਸਤਾ ਕਾਫੀ ਬਦਲ ਚੁੱਕਾ ਹੈ।



ਨੈਸ਼ਨਲ ਪਾਰਟੀ ਦੀ ਸਰਕਾਰ ਵੇਲੇ ਇਨ੍ਹਾਂ ਵਿਦਿਆਰਥੀਆਂ 'ਤੇ ਦੋਸ਼ ਲੱਗੇ ਸਨ ਕਿ ਇਨ੍ਹਾਂ ਨੇ ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਵਿਦਿਆਰਥੀ ਵੀਜ਼ਾ ਲਿਆ ਸੀ ਤੇ ਪੜਤਾਲ ਦੌਰਾਨ ਇਮੀਗ੍ਰੇਸ਼ਨ ਦੇ ਮਾਪਦੰਡਾਂ 'ਤੇ ਖਰੇ ਨਹੀਂ ਉਤਰੇ ਸਨ। ਉਸ ਪਿੱਛੋਂ ਕਈ ਦਿਨ ਖੱਜਲ ਹੋਣ ਪਿੱਛੋਂ ਇਕ ਚਰਚ 'ਚ ਸ਼ਰਨ ਲੈਣ ਵਾਲੇ ਵਿਦਿਆਰਥੀਆਂ ਨੂੰ ਤਤਕਾਲੀ ਵਿਰੋਧੀ ਧਿਰ ਲੇਬਰ ਪਾਰਟੀ ਦੇ ਆਗੂਆਂ ਨੇ ਵਿਸ਼ਵਾਸ ਦਿੱਤਾ ਸੀ ਕਿ ਜੇ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣੀ ਤਾਂ ਉਨ੍ਹਾਂ ਦੇ ਕੇਸਾਂ ਨੂੰ ਮੁੜ ਵਿਚਾਰਿਆ ਜਾਵੇਗਾ। ਇਕ ਇਮੀਗ੍ਰੇਸ਼ਨ ਵਕੀਲ ਵੱਲੋਂ ਕੇਸ ਚਾਲੂ ਰੱਖੇ ਜਾਣ ਪਿੱਛੋਂ ਅਤੇ ਲੇਬਰ ਪਾਰਟੀ ਦੀ ਸਰਕਾਰ ਬਣਨ ਤੋਂ ਡੇਢ ਸਾਲ ਬਾਅਦ ਲੇਬਰ ਪਾਰਟੀ ਦੀ ਭਾਰਤੀ ਮੂਲ ਦੀ ਪਾਰਲੀਮੈਂਟ ਮੈਂਬਰ (ਲਿਸਟ) ਪ੍ਰਿਅੰਕਾ ਰਾਧਾਕ੍ਰਿਸ਼ਨ ਤੇ ਇਕ ਹੋਰ ਐਮ ਪੀ ਦੇਬੋਰਾਅ ਰੱਸਲ ਨੇ ਇਸ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਦੋ ਸਾਲ ਪਹਿਲਾਂ ਡਿਪੋਰਟ ਕੀਤੇ ਜਾ ਚੁੱਕੇ ਵਿਦਿਆਰਥੀਆਂ 'ਚੋਂ ਤਿੰਨਾਂ ਨੂੰ ਮੁੜਨ ਦੀ ਆਗਿਆ ਦੇ ਦਿੱਤੀ ਹੈ। ਇਮੀਗ੍ਰੇਸ਼ਨ ਮਨਿਸਟਰ ਫਾਫੋਈ ਕਰਿਸ ਦੇ ਅਨੁਸਾਰ ਉਹ ਵਿਦਿਆਰਥੀ ਇਕ ਸਾਲ ਦੇ ਓਪਨ ਵਰਕ ਵੀਜ਼ੇ ਉਤੇ ਨਿਊਜ਼ੀਲੈਂਡ 'ਚ ਰਹਿ ਸਕਣਗੇ।

## ਇੱਕੋ ਦਿਨ ਪੈਦਾ ਹੋਏ, ਇੱਕੋ ਸ਼ਹਿਰ ਵਿੱਚ ਰਹੇ, 17 ਸਾਲ ਬਾਅਦ ਮਿਲੇ, ਹਮਸਫਰ ਬਣਨਗੇ

ਲੰਡਨ, 23 ਅਪ੍ਰੈਲ (ਪੋਸਟ ਬਿਊਰੋ)- ਸ਼ਾਅਨਾ ਗ੍ਰੇਸੀ ਅਤੇ ਟਾਮ ਮੇਗਿਊਰ ਦਾ ਜਨਮ ਇੱਕੋ ਦਿਨ ਇੱਕੋ ਹਸਪਤਾਲ ਵਿੱਚ ਹੋਇਆ ਅਤੇ ਮਸਾਂ ਤਿੰਨ ਮੀਲ ਦੀ ਦੂਰ ਰਹੇ, ਪਰ ਪਹਿਲੀ ਮੁਲਾਕਾਤ ਹੁੰਦੇ-ਹੁੰਦੇ 17 ਸਾਲ ਲੱਗ ਗਏ। ਦੋਵਾਂ ਦੇ 18ਵੇਂ ਜਨਮ ਦਿਨ 'ਤੇ ਪਹਿਲੀ ਵਾਰ ਇੱਕ-ਦੂਸਰੇ ਦੇ ਹਮਸਫਰ ਬਣਨ ਲੱਗੇ ਹਨ।

ਗ੍ਰੇਟ ਵੀਗਨ ਵਿੱਚ ਰਹਿਣ ਵਾਲੇ ਸ਼ਾਅਨਾ ਅਤੇ ਟਾਮ ਦਾ ਵਿਆਹ ਚਾਰ ਮਈ ਨੂੰ ਹੋਵੇਗੀ। ਦੋਵਾਂ ਦੀ ਲਵ ਸਟੋਰੀ ਜੋ ਵੀ ਸੁਣਦਾ ਹੈ, ਉਸ ਨਮੂ ਕਿਸੇ ਫਿਲਮੀ ਕਹਾਣੀ ਤੋਂ ਘੱਟ ਨਹੀਂ ਲੱਗਦੀ। ਇਸ ਬਾਰੇ ਇਨ੍ਹਾਂ ਦਾ ਕਹਿਣਾ ਹੈ ਕਿ ਲੋਕ ਭਾਵੇਂ ਪਹਿਲੀ ਵਾਰ ਵਿੱਚ ਸਾਡੇ ਪਿਆਰ ਦੀ ਕਹਾਣੀ 'ਤੇ ਯਕੀਨ



ਨਾ ਕਰਨ, ਪਰ ਸਾਡਾ ਮਿਲਣਾ ਕਿਸਮਤ ਵਿੱਚ ਲਿਖਿਆ ਸੀ ਤੇ ਸ਼ਾਇਦ 17 ਸਾਲ ਦੀਆਂ ਦੂਰੀਆਂ ਵੀ ਇਸ ਲਈ ਸਨ ਕਿ ਜਦ ਅਸੀਂ ਮਿਲੀਏ ਤਾਂ ਇੱਕ-ਦੂਜੇ ਦੇ ਹੋ ਜਾਈਏ। ਸ਼ਾਅਨਾ ਨੇ ਦੱਸਿਆ ਕਿ ਸਾਡਾ ਦੋਵਾਂ ਦਾ ਜਨਮ ਦਿਨ 22 ਦਸੰਬਰ ਨੂੰ ਹੁੰਦਾ ਹੈ। 1992 ਵਿੱਚ ਵੀਗਨ ਸ਼ਹਿਰ ਵਿੱਚ ਪੈਦਾ ਹੋਏ, ਪਰ ਪਹਿਲੀ ਵਾਰ ਇੱਕ ਦੂਸਰੇ ਨਾਲ 18ਵੇਂ ਜਨਮ ਦਿਨ ਦੀ ਪਾਰਟੀ ਵਿੱਚ ਮਿਲੇ। ਮੈਨੂੰ ਟਾਮ ਵਿੱਚ ਦਿਲਚਸਪੀ ਨਹੀਂ ਸੀ, ਫਿਰ ਦੋ ਮਹੀਨੇ ਬਾਅਦ ਸਾਡੀ ਮੁਲਾਕਾਤ ਇੱਕ ਵਾਰ ਫਿਰ ਹੋਈ ਅਤੇ ਇੱਕ ਸਾਲ ਤੱਕ ਰਿਸ਼ਤਾ ਇੰਝ ਹੀ ਚੱਲਦਾ ਰਿਹਾ। ਆਖਰ 2011 ਵਿੱਚ ਅਸੀਂ ਪਰਵਾਰ ਅਤੇ ਦੋਸਤਾਂ ਨੂੰ ਆਪਣੇ ਰਿਸ਼ਤੇ ਬਾਰੇ ਦੱਸ ਦਿੱਤਾ। ਮੈਨੂੰ ਯਾਦ ਹੈ ਕਿ ਸਾਡੇ ਰਿਲੇਸ਼ਨਸ਼ਿਪ ਵਿੱਚ ਟਾਮ ਜ਼ਿੱਦੀ ਸੀ। ਮੈਂ ਅਕਸਰ ਉਸ ਨੂੰ ਕਹਿੰਦੀ ਕਿ ਮੈਂ ਤੈਨੂੰ ਪਿਆਰ ਨਹੀਂ ਕਰਦੀ ਤੇ ਸਿਰਫ ਦੋਸਤ ਹਾਂ, ਪਰ ਉਹ ਹਮੇਸ਼ਾ ਕਹਿੰਦਾ ਸੀ ਕਿ ਮੈਨੂੰ ਪਿਆਰ ਕਰਦਾ ਰਹੇਗਾ। ਫਿਰ ਇੱਕ ਦਿਨ ਉਸ ਨੂੰ ਦੇਖ ਕੇ ਮੈਨੂੰ ਅਹਿਸਾਸ ਹੋਇਆ ਕਿ ਮੈਂ ਉਸ ਨੂੰ ਪਸੰਦ ਕਰਨ ਲੱਗੀ ਸੀ ਤੇ ਇਸ ਗੱਲ ਬਾਰੇ ਯਕੀਨ ਹੋ ਗਿਆ ਕਿ ਸਾਡਾ ਮਿਲਣਾ ਕਿਸਮਤ ਵਿੱਚ ਲਿਖਿਆ ਸੀ। ਮੈਂ ਜਦ ਲੋਕਾਂ ਨੂੰ ਦੱਸਦੀ ਹਾਂ ਕਿ ਮੇਰਾ ਅਤੇ ਟਾਮ ਦਾ ਜਨਮ ਦਿਨ ਇੱਕ ਹੀ ਦਿਨ ਹੈ, ਉਨ੍ਹਾਂ ਦੇ ਰਿਐਕਸ਼ਨ ਦੇਖਣ ਵਾਲੇ ਹੁੰਦੇ ਹਨ। ਮੇਰੇ ਖਿਆਲ 'ਚ ਕਿਸੇ ਵੀ ਰਿਸ਼ਤੇ ਵਿਚ ਅਜੀਬੋ-ਗਰੀਬ ਸੰਯੋਗ ਉਸ ਨੂੰ ਥੋੜ੍ਹਾ ਖਾਸ ਬਣਾ ਦਿੰਦੇ ਹਨ ਅਤੇ ਸਾਡਾ ਰਿਸ਼ਤਾ ਵੀ ਅਜਿਹਾ ਹੀ ਹੈ।

## ਕਈ ਸਾਈਟਾਂ ਹਥਿਆਰਾਂ ਦੇ ਨਾਜਾਇਜ਼ ਵਪਾਰ ਦਾ ਅੱਡਾ ਬਣੀਆਂ

ਵਾਸ਼ਿੰਗਟਨ, 23 ਅਪ੍ਰੈਲ (ਪੋਸਟ ਬਿਊਰੋ)- ਬੰਦੂਕ ਸੱਭਿਆਚਾਰ 'ਤੇ ਲਗਾਮ ਲਾਉਣ ਦੇ ਯਤਨਾਂ ਬਾਰੇ ਬਹਿਸ ਦੇ ਦੌਰਾਨ ਸਾਰਿਆਂ ਦਾ ਧਿਆਨ ਹਥਿਆਰਾਂ ਦੇ ਨਿਯਮ ਦੀ ਇਸ ਵਿਵਸਥਾ ਦੇ ਨਿਰਮਾਣ 'ਤੇ ਗਿਆ ਹੈ, ਪਰ ਇਕ ਨਵੀਂ ਚਿੰਤਾ ਵੀ ਉਭਰੀ ਹੈ, ਜਿਸ ਵੱਲ ਵਿਗਿਆਨੀਆਂ ਨੇ ਇਕ ਖੋਜ ਦੇ ਬਾਅਦ ਧਿਆਨ ਦਿਵਾਇਆ ਹੈ।

ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਵਿਸ਼ਵ ਭਰ ਵਿੱਚ ਵੈਬਸਾਈਟਾਂ ਦੇ ਜ਼ਰੀਏ ਵੀ ਹਥਿਆਰਾਂ ਦਾ ਨਾਜਾਇਜ਼ ਵਪਾਰ ਵਧ ਰਿਹਾ ਹੈ। ਡਿਵਿੰਟ ਬਿਹੇਵੀਅਰ ਜਰਨਲ ਵਿੱਚ ਪ੍ਰਕਾਸ਼ਿਤ ਇਕ ਖੋਜ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਦੇ ਨਾਲ ਵਿਸ਼ਵ ਦੇ ਕਈ ਦੇਸ਼ਾਂ ਵਿੱਚ ਹਥਿਆਰਾਂ ਦੀ ਖਰੀਦ ਫਰੋਖਤ ਲਈ ਕਈ ਮਹੱਤਵ ਪੂਰਨ ਅਤੇ ਸਖਤ ਨਿਯਮ ਬਣਾਏ ਗਏ ਹਨ, ਪਰ ਕੁਝ ਵੈਬਸਾਈਟਾਂ 'ਚ ਅਜਿਹੀ ਸਮੱਗਰੀ ਮੌਜੂਦ ਹੈ, ਜੋ ਇੰਟਰਨੈਟ ਦੇ ਜ਼ਰੀਏ ਇਕ ਵਿਸ਼ੇਸ਼ ਸਾਫਟਵੇਅਰ ਦੀ ਮਦਦ ਨਾਲ ਇਸ ਗੜਬੜੀ ਨਾਲ ਰੂ-ਬ-ਰੂ ਕਰਾ ਸਕਦੀ ਹੈ। ਅਮਰੀਕਾ ਦੀ ਮਿਸ਼ੀਗਨ ਯੂਨੀਵਰਸਿਟੀ ਦੇ ਪ੍ਰੋ. ਥਾਮਸ ਹਾੱਲਟ ਨੇ ਕਿਹਾ, ਸਾਨੂੰ




ਵੈਬਸਾਈਟਾਂ ਦੇ ਜ਼ਰੀਏ ਬੰਦੂਕਾਂ ਦੇ ਵਪਾਰ ਦੇ ਬਾਰੇ ਕੁਝ ਜਾਣਕਾਰੀ ਮਿਲੀ ਹੈ। ਵੈਬਸਾਈਟਾਂ 'ਤੇ ਮੌਜੂਦ ਇਹ ਪੇਜ਼ ਕਿਸੇ ਬਲੈਕ ਹੋਲ ਤੋਂ ਘੱਟ ਨਹੀਂ। ਇਨ੍ਹਾਂ ਨੂੰ ਆਸਾਨੀ ਨਾਲ ਨਹੀਂ ਪਛਾਣਿਆ ਜਾ ਸਕਦਾ। ਇਹ ਉਵੇਂ ਹੀ ਹੈ, ਜਿਵੇਂ ਨਾਜਾਇਜ਼ ਦਵਾਈਆਂ ਅਤੇ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ। ਸਾਨੂੰ ਪਤਾ ਹੈ ਕਿ ਲੋਕ ਵੈਬਸਾਈਟਾਂ ਦੇ ਜ਼ਰੀਏ ਇਨ੍ਹਾਂ ਹਥਿਆਰਾਂ ਦੀ ਖਰੀਦ ਕਰਦੇ ਹਨ, ਪਰ ਇਸ ਦੀ ਕਿੰਨੀ ਮਾਤਰਾ ਵਿੱਚ ਹੁੰਦੀ ਹੈ, ਇਸ ਦਾ ਅੰਦਾਜ਼ਾ ਲਾਉਣਾ ਔਖਾ ਹੈ। ਥਾੱਮਸ ਨੇ ਦੱਸਿਆ ਕਿ ਸਾਡੇ ਲਈ ਸਭ ਤੋਂ ਹੈਰਾਨੀ ਵਾਲੀ ਗੱਲ ਹੈ ਕਿ ਜਿਨ੍ਹਾਂ ਹਥਿਆਰਾਂ ਦੀ ਖਰੀਦ ਕੀਤੀ ਜਾਂਦੀ ਹੈ, ਉਨ੍ਹਾਂ ਵਿੱਚ ਜ਼ਿਆਦਾਤਰ ਫੌਜੀ ਸ਼੍ਰੇਣੀ ਦੇ ਹਥਿਆਰ ਨਹੀਂ ਹੁੰਦੇ। ਅਸੀਂ ਸਾਈਟਾਂ ਉਤੇ ਹੈਂਡਗੰਨ ਵੀ ਦੇਖੀ ਹੈ, ਜਿਨ੍ਹਾਂ ਨੂੰ ਅਮਰੀਕਾ ਵਿੱਚ ਕੇਵਲ ਲਾਈਸੈਂਸ ਦਿਖਾਉਣ ਦੇ ਬਾਅਦ ਹੀ ਖਰੀਦਿਆ ਜਾ ਸਕਦਾ ਹੈ। ਥਾੱਮਸ ਨੇ ਕਿਹਾ ਕਿ ਵੈਬਪੇਜ਼ ਦੇ ਇਸ਼ਤਿਹਾਰ ਵਿੱਚ ਕੁੱਲ ਪ੍ਰੋਡਕਟਸ 'ਚੋਂ 64 ਪ੍ਰਤੀਸ਼ਤ ਹੈਂਡਗੰਨ, 17 ਪ੍ਰਤੀਸ਼ਤ ਸੈਮੀ-ਆਟੋਮੈਟਿਕ ਅਤੇ ਚਾਰ ਪ੍ਰਤੀਸ਼ਤ ਫੁਲੀ ਆਟੋਮੈਟਿਕ ਗੰਨ ਮੌਜੂਦ ਹੈ। ਇਹ ਵੈਬਪੇਜ਼ ਖਾਸ ਤੌਰ 'ਤੇ ਉਨ੍ਹਾਂ ਲੋਕਾਂ ਨੂੰ ਵੀ ਹਥਿਆਰ ਖਰੀਦਣ ਦੀ ਆਗਿਆ ਦਿੰਦੇ ਹਨ, ਜੋ ਗੈਰ ਕਾਨੂੰਨੀ ਰੂਪ ਨਾਲ ਇਸ ਨੂੰ ਰੱਖਣਾ ਚਾਹੁੰਦੇ ਹਨ।

## ਲੱਖਾਂ ਲੋਕ 123456 ਅੰਕ ਨੂੰ ਬਣਾ ਲੈਂਦੇ ਹਨ ਪਾਸਵਰਡ

ਲੰਡਨ, 22 ਅਪ੍ਰੈਲ (ਪੋਸਟ ਬਿਊਰੋ)- ਪਿਛਲੇ ਦਿਨੀਂ ਕੀਤੇ ਗਏ ਅਧਿਐਨ 'ਚ ਪਤਾ ਲੱਗਾ ਹੈ ਕਿ ਲੱਖਾਂ ਲੋਕ ਅੱਜ ਵੀ ਸੰਵੇਦਨਸ਼ੀਲ ਖਾਤਿਆਂ ਉੱਤੇ ਆਸਾਨੀ ਨਾਲ ਯਾਦ ਰੱਖੇ ਜਾ ਸਕਣ ਵਾਲੇ ਪਾਸਵਰਡ, ਜਿਵੇਂ 123456 ਅਤੇ ਕਵਰਟੀ ਦੀ ਵਰਤੋਂ ਕਰ ਰਹੇ ਹਨ। ਕੰਪਿਊਟਰ ਕੀ-ਬੋਰਡ ਦੇ ਅੱਖਰਾਂ ਦੀ ਪਹਿਲੀ ਕਤਾਰ ਵਿੱਚ ਖੱਬੇ ਤੋਂ ਸੱਜੇ ਲਿਖੇ ਵੱਲ ਪੰਜ ਅੱਖਰ (ਕਿਊ, ਡਬਲਯੂ, ਈ ਆਰ ਅਤੇ ਟੀ) ਨੂੰ 'ਕਵਰਟੀ' ਕਿਹਾ ਜਾਂਦਾ ਹੈ।

ਬ੍ਰਿਟੇਨ ਦੇ ਨੈਸ਼ਨਲ ਸਾਇਬਰ ਸਕਿਓਰਟੀ ਸੈਂਟਰ (ਐੱਨ ਸੀ ਐੱਸ ਸੀ) ਦੇ ਅਧਿਐਨ ਵਿੱ ਇਹ ਗੱਲ ਪਤਾ ਲੱਗੀ ਹੈ, ਜਿਸ ਨਾਲ ਲੋਕਾਂ ਦੀ ਸੁਰੱਖਿਆ ਖਤਰੇ ਵਿੱਚ ਪੈ ਸਕਦੀ ਹੈ। ਇਸ ਸੰਬੰਧ ਵਿੱਚ ਐੱਨ ਸੀ ਐੱਸ ਸੀ ਨੇ ਕਿਹਾ ਕਿ ਲੋਕਾਂ ਨੂੰ ਜ਼ੋਰਦਾਰ ਪਾਸਵਰਡ ਦੀ ਵਰਤੋਂ ਕਰਨ ਲਈ ਤਿੰਨ ਬੇਤਰਤੀਬ, ਪਰ ਯਾਦ ਰੱਖੇ ਜਾਣ ਵਾਲੇ ਅੱਖਰ ਵਰਤਣੇ ਚਾਹੀਦੇ ਹਨ। ਅਧਿਐਨ ਵਿੱਚ ਪਤਾ ਲੱਗਾ ਹੈ ਕਿ 2.3 ਕਰੋੜ ਤੋਂ ਵੱਧ ਪਾਸਵਰਡਾਂ ਵਿੱਚ ਸਭ ਤੋਂ ਵੱਧ 123456 ਰੱਖਿਆ ਜਾਂਦਾ ਹੈ। ਦੂਜੇ ਨੰਬਰ ਉੱਤੇ ਸਭ ਤੋਂ ਵੱਧ ਪਸੰਦ ਕੀਤਾ ਜਾਣ ਵਾਲਾ ਪਾਸਵਰਡ 123456789 ਹੈ। ਇਨ੍ਹਾਂ ਦੋਵਾਂ ਪਾਸਵਰਡਾਂ ਨੂੰ ਸੰਨ੍ਹ ਲਾਉਣਾ ਕੋਈ ਔਖਾ ਨਹੀਂ। ਸਿਖਰਲੇ ਪੰਜ ਸਭ ਤੋਂ ਵੱਧ ਵਰਤੇ ਜਾਣ ਵਾਲੇ ਪਾਸਵਰਡਾਂ 'ਚ ਬਾਕੀ ਤਿੰਨ ਕਵਰਟੀ, ਪਾਸਵਰਡ ਅਤੇ 1111111 ਸ਼ਾਮਲ ਹਨ।

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
$1,000
A-1 RENOVATION GTA INC.
22 Listcreek Road, Brampton L6p 2n6

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
• Low Down payment/Flexible Terms
• Large Inventory of New Trucks & Trailers
• Quick Approvals • Honest Service
• Best Rate in Town • Offices all over Canada
For more Information Contact
Rajdeep: 647.707.4167
Office: 905.678.2424

Honesty, Reliability, Commitment
Hira Randhawa
Broker
• 1yr Home Warranty
• 40% Discount on Brand Name
• Appliances & Furniture
• Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 William Prkwy/Chinguacousy
$699,000 Morning Star/Airport
$778,900 Charolais & Chinguacousy
$789,000 Chinguacousy/Drinkwater
Call For:
RESP, SUPER -VISA,& TRAVEL
Insurance
416-319-0551

## ਵਾਤਾਵਰਨ ਤਬਦੀਲੀ ਖਿਲਾਫ਼ ਮੁਜ਼ਾਹਰੇ, ਹਿਰਾਸਤੀਆਂ ਦੀ ਗਿਣਤੀ ਹਜ਼ਾਰ ਤੋਂ ਟੱਪੀ

ਲੰਡਨ, 23 ਅਪ੍ਰੈਲ (ਪੋਸਟ ਬਿਊਰੋ)-ਲੰਡਨ ਵਿੱਚ ਵਾਤਾਵਰਨ ਤਬਦੀਲੀ ਖਿਲਾਫ਼ ਪਿਛਲੇ ਅੱਠ ਦਿਨਾਂ ਤੋਂ ਰੋਸ ਮੁਜ਼ਾਹਰੇ ਕਰ ਰਹੇ ਲੋਕਾਂ ਦੀ ਗ੍ਰਿਫ਼ਤਾਰੀ ਦਾ ਅੰਕੜਾ 1 ਹਜ਼ਾਰ ਤੋਂ ਟੱਪ ਗਿਆ ਹੈ। ਇਸ ਦੌਰਾਨ ਮੁਜ਼ਾਹਰਾਕਾਰੀਆਂ ਵੱਲੋਂ ਧਰਨਾ ਲਾ ਕੇ ਰੋਕੇ ਵਾਟਰਲੂ ਪੁਲ ਨੂੰ ਵਾਹਨਾਂ ਦੀ ਆਵਾਜਾਈ ਲਈ ਮੁੜ ਖੋਲ੍ਹ ਦਿੱਤਾ ਗਿਆ ਹੈ। ਕਲਾਈਮੇਟ ਗਰੁੱਪ ਐਕਸਟਿੰਕਸ਼ਨ ਰੈਬਿਲੀਅਨ ਵਲੋਂ ਕੁੱਲ ਆਲਮ ਨੂੰ ਦਰਪੇਸ਼ ਵਾਤਾਵਰਨ ਸੰਕਟ ਤੋਂ ਬਚਾਉਣ ਲਈ



ਕੇਂਦਰੀ ਲੰਡਨ 'ਚ ਆਕਸਫੋਰਡ ਸਰਕਸ ਤੇ ਪਾਰਲੀਮੈਂਟ ਸਕੁਏਅਰ ਵਿੱਚ ਮੁਜ਼ਾਹਰੇ ਕੀਤੇ ਜਾ ਰਹੇ ਹਨ। ਪੁਲਸ ਨੇ ਕਿਹਾ ਕਿ ਉਹ ਹੁਣ ਤਕ 1065 ਲੋਕਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ।

MICHELIN Hankook Continental ROADLUX BFGoodrich AEOLUS COMPASAL
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Chevron Delo
Special OIL CHANGE Rates
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
1715 Sismet Rd, Mississauga | Call Ranjit: 416.624.8351 | Tel: 905.625.0055

# ਪ੍ਰਿਅੰਕਾ ਨੇ ਭਾਜਪਾ ਉਮੀਦਵਾਰ ਬਾਰੇ ਕਿਹਾ, ਮੇਰੇ ਪੈਰ ਪਕੜ ਕੇ ਕਿਹਾ ਸੀ, ਸਾਥ ਨਹੀਂ ਛੱਡਾਂਗਾ



ਰਾਏ ਬਰੇਲੀ, 23 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸ ਦੀ ਜਨਰਲ ਸੈਕਟਰੀ ਅਤੇ ਪੂਰਬੀ ਉਤਰ ਪ੍ਰਦੇਸ਼ ਦੀ ਇੰਚਾਰਜ ਪ੍ਰਿਅੰਕਾ ਵਾਡਰਾ ਕੱਲ੍ਹ ਪੂਰੇ ਰੌਂਅ ਵਿੱਚ ਸੀ। ਆਪਣੀ ਮਾਂ ਦੇ ਪਾਰਲੀਮੈਂਟਰੀ ਹਲਕੇ ਵਿੱਚ ਭਾਵਨਾਤਮਕ ਸ਼ੈਲੀ ਵਿੱਚ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਇਥੋਂ ਦੀ ਧਰਤੀ ਉਨ੍ਹਾਂ ਲਈ ਪਵਿੱਤਰ ਹੈ।
ਇਸ ਹਲਕੇ ਵਿੱਚ ਸੋਨੀਆ ਗਾਂਧੀ ਲਈ ਪਹਿਲੀ ਚੋਣ ਰੈਲੀ ਵਿੱਚ ਪ੍ਰਿਅੰਕਾ ਨੇ ਇਥੋਂ ਦੇ ਭਾਜਪਾ ਉਮੀਦਵਾਰ ਉਤੇ ਅੱਜ ਤੱਕ ਦਾ ਸਭ ਤੋਂ ਵੱਡਾ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਮੇਰੇ ਪੈਰ ਫੜ ਕੇ ਭੈਣ ਕਹਿਣ ਵਾਲਾ ਅੱਜ ਕੀ ਕਰ ਰਿਹਾ ਹੈ, ਇਹ ਤੁਹਾਡੇ ਤੋਂ ਲੁਕਿਆ ਨਹੀਂ, ਉਨ੍ਹਾਂ ਦੀ ਕਾਰਜਸ਼ੈਲੀ ਦੇਖ ਰਹੇ ਹੋ, ਜਵਾਬ ਤੁਸੀਂ ਦੇਣਾ ਹੈ। ਇਸ ਦੇ ਇਲਾਵਾ ਉਨ੍ਹਾਂ ਨੇ ਇੰਦਰਾ ਗਾਂਧੀ ਅਤੇ ਸੋਨੀਆ ਦੇ ਸੇਵਾ ਭਾਵ ਨੂੰ ਗਿਣਾਇਆ ਅਤੇ ਦੱਸਿਆ ਕਿ ਇਥੇ ਅਸੀਂ ਰਾਜਨੀਤੀ ਨਹੀਂ ਕਰਦੇ, ਇਹ ਤਾਂ ਸਾਡਾ ਘਰ ਹੈ। ਸ਼ਹਿਰ ਤੋਂ ਕਰੀਬ ਛੇ ਕਿਲੋਮੀਟਰ ਦੂਰ ਅਮਾਵਾਂ ਕਸਬੇ ਵਿੱਚ ਪ੍ਰਿਅੰਕਾ ਗਾਂਧੀ ਚੋਣ ਰੈਲੀ ਵਿੱਚ ਪਹੁੰਚੀ ਸੀ। ਉਨ੍ਹਾਂ ਨੇ ਲੋਕਾਂ ਨੂੰ ਪੁੱਛਿਆ ਕਿ 15 ਲੱਖ ਦੇਣ ਦਾ ਵਾਅਦਾ ਕਰਨ ਵਾਲੇ ਨੇਤਾ ਦੇ ਰਾਸ਼ਟਰੀ ਪ੍ਰਧਾਨ ਨੇ ਕੁਝ ਹੀ ਦਿਨ ਬਾਅਦ ਉਸ ਨੂੰ ਚੋਣ ਜੁਮਲਾ ਕਿਹਾ ਸੀ ਕਿ ਨਹੀਂ? ਉਨ੍ਹਾਂ ਨੇ ਕਿਹਾ ਕਿ ਕਾਂਗਰਸ ਸੁਫਨੇ ਦਿਖਾ ਕੇ ਰਾਜਨੀਤੀ ਨਹੀਂ ਕਰਦੀ। ਮੇਰੀ ਮਾਂ ਸੋਨੀਆ ਗਾਂਧੀ ਜਦ ਇਥੇ ਆਈ ਸੀ ਤਾਂ ਕੋਈ ਐੱਨ ਐੱਚ ਨਹੀਂ ਸੀ, ਅੱਜ ਪੰਜ-ਪੰਜ ਐੱਨ ਐੱਚ ਹਨ। ਅਸੀਂ ਸੇਵਾ ਭਾਵਨਾ ਨਾਲ ਕੰਮ ਕੀਤਾ ਹੈ ਕਿਉਂਕਿ ਇਹ ਧਰਤੀ ਸਾਡੇ ਲਈ ਪਵਿੱਤਰ ਹੈ ਅਤੇ ਸਾਡਾ ਗਹਿਰਾ ਰਿਸ਼ਤਾ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹੀ ਰਾਜਨੀਤੀ ਚੱਲ ਰਹੀ ਹੈ, ਜਿਸ ਦੇ ਨੇਤਾ ਸੋਚਦੇ ਹਨ ਕਿ ਸੱਤਾ ਉਨ੍ਹਾਂ ਦੀ ਹੈ। ਜਨਤਾ ਮਹੱਤਵ ਪੂਰਨ ਨਹੀਂ। ਮੰਤਰੀ ਤੇ ਉਦਯੋਗਪਤੀ ਉਨ੍ਹਾਂ ਦੇ ਸਭ ਕੁਝ ਹਨ। ਅੱਜ ਕੱਲ੍ਹ ਰਾਏ ਬਰੇਲੀ ਵਿੱਚ ਇਹੀ ਦਸ਼ਾ ਉਨ੍ਹਾਂ ਦੀ ਹੈ, ਜੋ ਭਾਜਪਾ ਵੱਲੋਂ ਉਮੀਦਵਾਰ ਹਨ। ਉਨ੍ਹਾਂ ਕਿਹਾ ਕਿ 'ਉਨ੍ਹਾਂ ਨੂੰ ਮੈਂ ਚੰਗੀ ਤਰ੍ਹਾਂ ਜਾਣਦੀ ਹਾਂ, ਮੈਂ ਉਹੀ ਹਾਂ, ਜਿਸ ਦੇ ਪੈਰ ਫੜ ਕੇ ਉਨ੍ਹਾਂ ਨੇ ਕਿਹਾ ਸੀ ਕਿ ਦੀਦੀ ਤੁਸੀਂ ਮੇਰੀ ਭੈਣ ਹੋ, ਜਾਨ ਚਲੀ ਜਾਏਗੀ, ਪਰ ਮੈਂ ਤੁਹਾਡਾ ਸਾਥ ਨਹੀਂ ਛੱਡਾਂਗਾ।' ਇਹ ਲਫਜ਼ ਉਨ੍ਹਾਂ ਨੇ ਤਦ ਕਹੇ ਸਨ, ਜਦ ਕਾਂਗਰਸ ਵਿੱਚ ਸਨ। ਅੱਜ ਭਾਜਪਾ ਵਿੱਚ ਹਨ। ਉਹ ਕਿੱਦਾਂ ਦਾ ਪ੍ਰਚਾਰ ਕਰਦੇ ਹਨ, ਮੇਰੇ ਤੋਂ ਬਿਹਤਰ ਤੁਸੀਂ ਜਾਣਦੇ ਹੋ। ਉਨ੍ਹਾਂ ਨੂੰ ਜਨਤਾ ਸਬਕ ਸਿਖਾਏਗੀ।
ਇਸ ਦੌਰਾਨ ਪ੍ਰਿਅੰਕਾ ਵਾਡਰਾ ਦਾ ਧਿਆਨ ਅਮੇਠੀ 'ਤੇ ਵੀ ਪੂਰੀ ਤਰ੍ਹਾਂ ਨਾਲ ਲੱਗਾ ਹੈ। ਕੱਲ੍ਹ ਇਥੇ ਰਾਹੁਲ ਨੇ ਜਿੱਥੇ ਤਿੰਨ ਚੋਣ ਰੈਲੀਆਂ ਨੂੰ ਸੰਬੋਧਨ ਕੀਤਾ ਅਤੇ ਅਮੇਠੀ ਦੇ ਵਿਕਾਸ ਦੀ ਗੱਲ ਜਨਤਾ ਨੂੰ ਕਹੀ, ਉਥੇ ਦੂਸਰੇ ਪਾਸੇ ਨੁੱਕੜ ਸਭਾ ਨੂੰ ਸੰਬੋਧਨ ਕਰ ਕੇ ਕੇਂਦਰੀ ਮੰਤਰੀ ਅਤੇ ਭਾਜਪਾ ਉਮੀਦਵਾਰ ਸਮ੍ਰਿਤੀ ਇਰਾਨੀ ਉਤੇ ਨਿਸ਼ਾਨਾ ਵਿੰਨ੍ਹਿਆ ਸੀ। ਪ੍ਰਿਅੰਕਾ ਨੇ ਕਿਹਾ ਕਿ ਸਮ੍ਰਿਤੀ ਇਥੇ ਚੱਪਲਾਂ ਵੰਡਣ ਆਈ ਹੈ। ਉਹ ਇਹ ਕਹਿ ਕੇ ਰਾਹੁਲ ਦਾ ਅਪਮਾਨ ਨਹੀਂ ਕਰਦੀ, ਅਮੇਠੀ ਦੀ ਜਨਤਾ ਦਾ ਅਪਮਾਨ ਕਰਦੀ। ਪ੍ਰਿਅੰਕਾ ਨੇ ਜਨਤਾ ਤੋਂ ਪੁੱਛਿਆ ਕਿ ਤੁਸੀਂ ਦੱਸੋ ਕਿ ਰਾਹੁਲ ਅਮੇਠੀ ਆਉਂਦੇ ਹਨ ਕਿ ਨਹੀਂ। ਉਥੇ ਮੌਜੂਦ ਲੋਕਾਂ ਨੇ ਹਾਂ ਵਿੱਚ ਜਵਾਬ ਦਿੱਤਾ। ਪ੍ਰਿਅੰਕਾ ਨੇ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਪੰਜ ਸਾਲਾਂ ਵਿੱਚ ਹਰ ਨੌਜਵਾਨ ਰੋਜ਼ਗਾਰ ਲਈ ਭਟਕਦੇ ਰਹੇ। ਇਹ ਸਰਕਾਰ ਉਦਯੋਗਪਤੀਆਂ ਨੂੰ ਜਾਣਦੀ ਹੈ, ਗਰੀਬਾਂ ਨੂੰ ਨਹੀਂ। ਕਿਸਾਨ ਸਾਰੀ ਰਾਤ ਜਾਗ ਕੇ ਖੇਤਾਂ ਦੀ ਰਖਵਾਲੀ ਕਰ ਰਿਹਾ ਹੈ।

# ਅੱਠ ਕਰੋੜ ਦਾ ਸਰਕਾਰੀ ਝੋਨਾ ਹੜੱਪ ਜਾਣ ਵਾਲਾ ਅਕਾਲੀ ਆਗੂ ਗ੍ਰਿਫਤਾਰ

ਮੋਗਾ, 23 ਅਪ੍ਰੈਲ (ਪੋਸਟ ਬਿਊਰੋ)- ਥਾਣਾ ਨਿਹਾਲ ਸਿੰਘ ਵਾਲਾ ਪੁਲਸ ਨੇ ਪੰਜਾਬ ਸਟੇਟ ਸਿਵਲ ਸਪਲਾਈਜ਼ (ਪਨਸਪ) ਕਾਰਪੋਰੇਸ਼ਨ ਦਾ ਅੱਠ ਕਰੋੜ ਰੁਪਏ ਦਾ ਝੋਨਾ ਖੁਰਦ ਬੁਰਦ ਕਰਨ ਦੇ ਨਾਲ ਇਕ ਹੋਰ ਜਾਅਲਸਾਜ਼ੀ ਕੇਸ 'ਚ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤੇ ਹੋਏ ਚੌਲ ਮਿੱਲ ਮਾਲਕ ਅਕਾਲੀ ਆਗੂ ਰਣਜੀਤ ਸਿੰਘ ਪਿੰਡ ਭਾਗੀਕੇ ਨੂੰ ਗ੍ਰਿਫਤਾਰ ਕੀਤਾ ਹੈ। ਰਣਜੀਤ ਸਿੰਘ ਪਿੰਡ ਭਾਗੀਕੇ ਮੋਗਾ ਸੈਕਸ ਸਕੈਂਡਲ ਦਾ ਵੀ ਸੂਤਰਧਾਰ ਹੈ।
ਪੁਲਸ ਅਧਿਕਾਰੀਆਂ ਦੇ ਦੱਸਣ ਮੁਤਾ-ਬਕ 30 ਜੂਨ 2017 ਨੂੰ ਥਾਣਾ ਨਿਹਾਲ ਸਿੰਘ ਵਾਲਾ ਵਿੱਚ ਪਨਸਪ ਦੇ ਜ਼ਿਲਾ



ਮੈਨੇਜਰ ਦੀ ਸ਼ਿਕਾਇਤ 'ਤੇ ਮੁਖਤਿਆਰ ਸਿੰਘ ਐਂਡ ਸੰਨਜ਼, ਪੱਤੋ ਹੀਰਾਸਿੰਘ (ਨਿਹਾਲ ਸਿੰਘ ਵਾਲਾ) ਦੇ ਮਾਲਕ ਰਣਜੀਤ ਸਿੰਘ ਖਿਲਾਫ ਪਨਸਪ ਦਾ 7.72 ਕਰੋੜ ਰੁਪਏ ਦਾ ਝੋਨਾ ਖੁਰਦ ਬੁਰਦ ਕਰਨ ਦਾ ਕੇਸ ਦਰਜ ਕੀਤਾ ਗਿਆ ਸੀ। ਇਸ ਤੋਂ ਇਲਾਵਾ 10 ਜੂਨ 2017 ਨੂੰ ਥਾਣਾ ਨਿਹਾਲ ਸਿੰਘ ਵਾਲਾ ਵਿੱਚ ਤਾਇਨਾਤ ਪਨਸਪ ਇੰਸਪੈਕਟਰ ਗੌਰਵ ਗੋਇਲ ਦੀ ਸ਼ਿਕਾਇਤ ਉੱਤੇ ਮੁਲਜ਼ਮ ਰਣਜੀਤ ਸਿੰਘ ਤੇ ਉਸ ਦੇ ਪਿਤਾ ਮੁਖਤਿਆਰ ਸਿੰਘ ਪਿੰਡ ਭਾਗੀਕੇ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਇਨ੍ਹਾਂ ਦੋਵਾਂ ਦੋਸ਼ੀਆਂ ਦੇ ਖਿਲਾਫ ਸ਼ਿਕਾਇਤ ਇਹ ਹੈ ਕਿ ਉਹ ਮਿੱਲ 'ਚ ਪਏ ਪਨਸਪ ਦੇ ਚੌਲ ਦੀਆਂ ਜਾਅਲੀ ਬਿਲਟੀਆਂ ਤਿਆਰ ਕਰਕੇ ਟਰੱਕਾਂ ਵਿੱਚ ਲੋਡ ਕਰਕੇ ਗਬਨ ਕਰਨ ਦੀ ਨੀਤ ਨਾਲ ਬਾਹਰ ਲਿਜਾ ਰਹੇ ਸਨ ਤਾਂ ਪੁਲਸ ਨੇ ਟਰੱਕ ਕਾਬੂ ਕਰ ਲਏ ਸਨ। ਦੋਵਾਂ ਕੇਸਾਂ ਵਿੱਚ ਦੋਸ਼ੀਆਂ ਨੂੰ ਅਦਾਲਤ ਨੇ ਭਗੌੜਾ ਕਰਾਰ ਦਿੱਤਾ ਸੀ।

# ਲਾੜਾ 6 ਫੇਰੇ ਲੈਣ ਪਿੱਛੋਂ ਮੰਡਪ ਤੋਂ ਭੱਜਾ

ਭਿੰਡ, 23 ਅਪ੍ਰੈਲ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਭਿੰਡ ਜ਼ਿਲ੍ਹੇ ਦੇ ਗੋਰਮੀ ਕਸਬੇ ਵਿਚ ਇੱਕ ਵਿਆਹ ਦੌਰਾਨ ਛੇ ਫੇਰੇ ਲੈਣ ਪਿੱਛੋਂ ਲਾੜਾ ਮੰਡਪ ਤੋਂ ਫਰਾਰ ਹੋ ਗਿਆ। ਗੋਰਮੀ ਕਸਬੇ ਦੇ ਵਾਰਡ ਨੰਬਰ 5 ਦੇ ਸੁਖਰਾਮ ਕੁਸ਼ਵਾਹਾ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਦਾ ਵਿਆਹ ਮੁਰੈਣਾ ਦੇ ਅੰਬਾਹ ਵਿੱਚ ਰਹਿਣ ਵਾਲੇ ਰਾਮਨਰੇਸ਼ ਕੁਸ਼ਵਾਹਾ ਦੇ ਬੇਟੇ ਪ੍ਰਮੋਦ ਨਾਲ ਤੈਅ ਹੋਇਆ ਤੇ ਐਤਵਾਰ ਨੂੰ ਬਰਾਤ ਆਈ ਸੀ। ਦੋਵਾਂ ਪਰਵਾਰਾਂ ਵਿਚ ਵਿਆਹ ਦੀ ਬਹੁਤ ਖੁਸ਼ੀ ਸੀ। ਦੇਰ ਰਾਤ ਲਾੜੇ-ਲਾੜੀ ਨੇ ਇੱਕ ਦੂਜੇ ਨੂੰ ਵਰਮਾਲਾ ਪਾਈ ਅਤੇ ਖਾਣਾ ਪੀਣਾ ਹੋਇਆ। ਇਸ ਪਿੱਛੋਂ ਸਵੇਰੇ ਲਾੜੇ-ਲਾੜੀ ਨੂੰ ਫੇਰਿਆਂ ਲਈ ਪੰਡਾਲ ਵਿੱਚ ਸੱਦਿਆ ਤਾਂ ਛੇ ਫੇਰੇ ਹੋਣ ਪਿੱਛੋਂ 7ਵੇਂ ਫੇਰੇ ਤੋਂ ਪਹਿਲਾਂ ਲਾੜਾ ਪ੍ਰਮੋਦ ਨੇ ਪੰਡਤ ਨੂੰ ਪੰਜ ਮਿੰਟ ਵਿੱਚ ਆਉਣ ਨੂੰ ਕਿਹਾ ਤੇ ਵਿਆਹ ਵਿੱਚ ਮਿਲੀ ਬਾਇਕ ਦੀ ਕੁੰਜੀ ਰਿਸ਼ਤੇਦਾਰ ਤੋਂ ਥੋੜ੍ਹੀ ਦੂਰ ਜਾਣ ਦੀ ਗੱਲ ਕਹਿ ਕੇ ਖਿਸਕ ਗਿਆ। ਕਾਫ਼ੀ ਦੇਰ ਤੱਕ ਉਹ ਵਾਪਸ ਨਾ ਆਇਆ ਤਾਂ ਲੱਭਣ ਲੱਗੇ, ਪਰ ਨਹੀਂ ਮਿਲਿਆ। ਥਾਣੇ ਸ਼ਿਕਾਇਤ ਲਿਖਣ ਪਿੱਛੋਂ ਪੁਲਸ ਲਾੜੇ ਦਾ ਪਤਾ ਲਾ ਰਹੀ ਹੈ।

# ਲੋਕਪਾਲ ਹਾਲੇ ਦਿੱਲੀ ਦੇ ਪੰਜ ਤਾਰਾ ਹੋਟਲ ਵਿੱਚੋਂ ਸੇਵਾਵਾਂ ਦੇਵੇਗਾ

ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਦੀ ਨਜ਼ਰਸਾਨੀ ਲਈ ਬਣਾਇਆ ਪਹਿਲਾ ਲੋਕਪਾਲ ਰਾਜਧਾਨੀ ਦਿੱਲੀ ਦੇ ਇਕ ਪੰਜ ਤਾਰਾ ਲਗਜ਼ਰੀ ਹੋਟਲ ਤੋਂ ਕੰਮ ਕਰੇਗਾ। ਇਕ ਅਧਿਕਾਰੀ ਨੇ ਦੱਸਿਆ ਕਿ ਲੋਕਪਾਲ ਦੇ ਚੇਅਰਪਰਸਨ ਤੇ ਹੋਰ ਅੱਠ ਮੈਂਬਰਾਂ ਨੂੰ 'ਦਿ ਅਸ਼ੋਕ' ਹੋਟਲ ਵਿੱਚ ਜਗ੍ਹਾ ਦਿੱਤੀ ਗਈ ਹੈ। ਇਸ ਅਧਿਕਾਰੀ ਮੁਤਾਬਕ ਇਹ ਲੋਕਪਾਲ ਦਾ ਆਰਜ਼ੀ ਦਫਤਰ ਹੋਵੇਗਾ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ 23 ਮਾਰਚ ਨੂੰ ਜਸਟਿਸ ਪਿਨਾਕੀ ਚੰਦਰ ਘੋਸ਼ ਨੂੰ ਲੋਕਪਾਲ ਦੇ ਚੇਅਰਪਰਸਨ ਵਜੋਂ ਸਹੁੰ ਚੁਕਾਈ ਸੀ ਤੇ ਬਾਕੀ ਮੈਂਬਰਾਂ ਨੂੰ 27 ਮਾਰਚ ਨੂੰ ਸਹੁੰ ਚੁਕਾਈ ਗਈ ਸੀ। ਹਾਈ ਕੋਰਟ ਦੇ ਕਈ ਸਾਬਕਾ ਜੱਜਾਂ ਨੂੰ ਜੁਡੀਸ਼ਲ ਮੈਂਬਰ ਬਣਾਇਆ ਗਿਆ ਹੈ। ਗੈਰ ਜੁਡੀਸ਼ਲ ਮੈਂਬਰਾਂ ਵਿੱਚ ਕਈ ਸਾਬਕਾ ਪ੍ਰਸ਼ਾਸਨਿਕ ਅਫਸਰ ਹਨ। ਨੇਮਾਂ ਮੁਤਾਬਕ ਚਾਰ ਮੈਂਬਰ ਜੁਡੀਸ਼ਲ ਮੈਂਬਰ ਹੋਣੇ ਚਾਹੀਦੇ ਹਨ।

# ਭਾਰਤ ਵਿੱਚ 12 ਹੋਰ ਐਟਮੀ ਪਲਾਂਟ ਛੇਤੀ ਲੱਗਣਗੇ

ਮੁੰਬਈ, 23 ਅਪ੍ਰੈਲ (ਪੋਸਟ ਬਿਊਰੋ)- ਭਾਰਤ 'ਚ ਬਿਜਲੀ ਦੀ ਹਾਲਤ ਸੁਧਾਰਨ ਦੇ ਨਾਲ ਘਰਾਂ ਤੇ ਉਦਯੋਗਾਂ ਨੂੰ ਨਿਰ ਵਿਘਨ ਬਿਜਲੀ ਸਪਲਾਈ ਯਕੀਨੀ ਕਰਨ ਲਈ ਛੇਤੀ ਹੀ ਇਕ ਦਰਜਨ ਹੋਰ ਐਟਮੀ ਪਲਾਂਟ ਲਾਏ ਜਾਣਗੇ। ਐਟਮੀ ਊਰਜਾ ਵਿਭਾਗ ਦੇ ਸੈਕਟਰੀ ਕੇ ਐਨ ਵਿਆਸ ਵੱਲੋਂ ਜਾਰੀ ਬਿਆਨ ਵਿੱਚ ਕੱਲ੍ਹ ਇਹ ਜਾਣਕਾਰੀ ਦਿੱਤੀ ਗਈ ਹੈ। ਉਹ ਭਾਰਤੀ ਐਟਮੀ ਊਰਜਾ ਕਮਿਸ਼ਨ ਦੇ ਮੁਖੀ ਵੀ ਹਨ। ਪਿੱਛੇ ਜਿਹੇ ਰੂਸ ਦੇ ਸੋਚੀ ਵਿੱਚ ਰੋਸਐਟਮ ਸਟੇਟ ਅਟਾਮਿਕ ਐਨਰਜੀ ਕਾਰਪੋਰੇਸ਼ਨ ਵੱਲੋਂ ਕਰਵਾਏ ਗਏ 11ਵੇਂ 'ਇੰਟਰਨੈਸ਼ਨਲ ਫੋਰਮ ਐਟਮਐਕਸਪੋ 2019' ਵਿੱਚ ਉਨ੍ਹਾਂ ਕਿਹਾ ਕਿ ਭਾਰਤ ਵਿੱਚ ਹੀ ਵਿਕਸਤ 220-250 ਮੈਗਾਵਾਟ ਦੇ ਛੋਟੇ ਤੇ ਕੈਗਾ ਐਟਮੀ ਊਰਜਾ ਪਲਾਂਟ ਨੇ 99.3 ਫੀਸਦੀ ਸਮਰੱਥਾ ਦੇ ਨਾਲ ਨਿਰਵਿਘਨ ਬਿਜਲੀ ਸਪਲਾਈ ਦੇ 962 ਦਿਨ ਪੂਰੇ ਕਰ ਲਏ ਹਨ। ਇਸ ਪਲਾਂਟ ਨੇ ਜਿੰਨੀ ਬਿਜਲੀ ਦਾ ਉਤਪਾਦਨ ਕੀਤਾ ਹੈ, ਉਹ ਜ਼ਬਰਦਸਤ ਹੈ।

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in **Mississauga** ਲਈ **hair cutting (Gents/Ladies)** ਅਤੇ **Threading/waxing** ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
**Off: 905-814-7400**
**Ph: 416-566-9678**

# ਜੋਕੋਵਿਚ ਨੇ ਨੰਬਰ-ਇੱਕ ਰੈਂਕਿੰਗ ਉੱਤੇ ਨਡਾਲ ਤੋਂ ਫਾਸਲਾ ਹੋਰ ਵਧਾਇਆ

ਨਵੀਂ ਦਿੱਲੀ, 23 ਅਪ੍ਰੈਲ (ਪੋਸਟ ਬਿਊਰੋ)- ਸਰਬੀਆ ਦਾ ਨੋਵਾਕ ਜੋਕੋਵਿਚ ਕੱਲ੍ਹ ਜਾਰੀ ਹੋਈ ਏ ਟੀ ਪੀ ਵਿਸ਼ਵ ਟੈਨਿਸ ਰੈਂਕਿੰਗ ਵਿੱਚ ਆਪਣੇ ਨੰਬਰ ਇੱਕ ਸਥਾਨ 'ਤੇ ਹੋਰ ਮਜ਼ਬੂਤ ਹੋ ਗਿਆ ਹੈ ਤੇ ਉਸ ਦਾ ਮੋਂਟੇ ਕਾਰਲੋ ਮਾਸਟਰਸ ਵਿੱਚ ਰਿਕਾਰਡ 12ਵੇਂ ਖਿਤਾਬ ਤੋਂ ਖੁੰਝੇ ਸਪੇਨ ਦੇ ਰਾਫੇਲ ਨਡਾਲ ਤੋਂ ਰੇਟਿੰਗ ਅੰਕਾਂ ਦਾ ਫਾਸਲਾ ਵਧ ਕੇ 3000 ਪਹੁੰਚ ਗਿਆ ਹੈ। ਆਖਰੀ ਤਿੰਨ ਗ੍ਰੈਂਡ ਸਲੈਮ ਜਿੱਤਣ ਵਾਲਾ ਜੋਕੋਵਿਚ ਮੋਂਟੇ ਕਾਰਲੋ ਕੁਆਰਟਰ ਫਾਈਨਲ ਵਿੱਚ ਦਾਨਿਲ ਮੇਦਵੇਦੇਵ ਦੇ ਹੱਥੋਂ ਮਾਰ ਖਾ ਕੇ ਬਾਹਰ ਆ ਗਿਆ ਸੀ, ਪਰ ਇਸ ਨਾਲ ਉਸ ਦੀ ਰੈਂਕਿੰਗ 'ਤੇ ਅਸਰ ਨਹੀਂ ਪਿਆ ਅਤੇ ਉਹ ਨਡਾਲ ਤੋਂ ਸਿੱਧੇ 3000 ਰੇਟਿੰਗ ਅੰਕ ਅੱਗੇ ਹੋ ਗਿਆ ਹੈ। ਨੰਬਰ ਵਨ ਜੋਕੋਵਿਚ ਦੇ 11160 ਰੇਟਿੰਗ ਅੰਕ ਹਨ।
ਵਿਸ਼ਵ ਦੇ ਦੂਜੇ ਨੰਬਰ ਦੇ ਖਿਡਾਰੀ ਨਡਾਲ ਨੂੰ ਆਪਣੇ ਰਿਕਾਰਡ 12ਵੇਂ ਖਿਤਾਬ ਤੋਂ ਖੁੰਝਣ ਦਾ ਖਮਿਆਜ਼ਾ ਰੇਟਿੰਗ ਅੰਕਾਂ ਵਿੱਚ ਕਮੀ ਨਾਲ ਭੁਗਤਣਾ ਪਿਆ ਹੈ। ਸੈਮੀਫਾਈਨਲ ਵਿਚ ਫਾਬਿਓ ਫੋਗਨਿਨੀ ਤੋਂ ਹਾਰ ਕੇ ਬਾਹਰ ਹੋਇਆ ਨਡਾਲ 8085 ਰੇਟਿੰਗ ਅੰਕਾਂ 'ਤੇ ਹੈ ਤੇ ਉਹ ਆਪਣੇ ਦੂਜੇ ਸਥਾਨ 'ਤੇ ਕਾਇਮ ਹੈ। ਨਡਾਲ ਨੂੰ ਹਰਾ ਕੇ ਬਾਅਦ ਵਿੱਚ ਮੋਂਟੇ ਕਾਰਲੋ ਵਿੱਚ ਚੈਂਪੀਅਨ ਬਣਿਆ 21 ਸਾਲ ਦਾ ਫੋਗਨਿਨੀ ਆਪਣੇ ਪਹਿਲੇ ਮਾਸਟਰਸ ਖਿਤਾਬ ਨੂੰ ਜਿੱਤਣ ਤੋਂ ਬਾਅਦ ਕਰੀਅਰ ਦੀ ਸਵਰਸ਼੍ਰੇਸ਼ਟ 12ਵੀਂ ਰੈਂਕਿੰਗ 'ਤੇ ਪਹੁੰਚ ਗਿਆ ਹੈ। ਉਸ ਨੇ ਸਰਬੀਆ ਦੇ ਡੁਸਾਨ ਲਾਜੋਵਿਚ ਨੂੰ ਹਰਾ ਕੇ ਖਿਤਾਬ ਜਿੱਤਿਆ ਹੈ। ਫੋਗਨਿਨੀ ਨੂੰ ਸਿੱਧੇ ਛੇ ਸਥਾਨਾਂ ਦਾ ਲਾਭ ਹੋਇਆ ਹੈ, ਜਦ ਕਿ ਉਹ ਜੇਤੂ ਲਾਜੋਵਿਚ 24 ਸਥਾਨਾਂ ਦੀ ਛਲਾਂਗ ਲਗਾ ਕੇ 24ਵੇਂ ਨੰਬਰ 'ਤੇ ਪਹੁੰਚ ਗਿਆ ਹੈ। ਜਰਮਨੀ ਦਾ ਅਲੈਗਜ਼ਾਂਦ੍ਰੇ ਜਵੇਰੇਵ (5770) ਤੀਜੇ, ਸਵਿੱਟਜ਼ਰਲੈਂਡ ਦਾ ਰੋਜਰ ਫੈਡਰਰ (5590) ਚੌਥੇ ਅਤੇ ਆਸਟਰੀਆ ਦਾ ਡੋਮਿਨਿਕ ਥਿਏਮ (4675) ਪੰਜਵੇਂ ਨੰਬਰ 'ਤੇ ਹੈ। ਕੇਵਿਨ ਐਂਡਰਸਨ ਇੱਕ ਸਥਾਨ ਉਠ ਕੇ 6ਵੇਂ, ਜਦ ਕਿ ਕੇਈ ਨਿਸ਼ੀਕੋਰੀ ਇੱਕ ਸਥਾਨ ਹੇਠਾਂ ਸੱਤਵੇਂ ਨੰਬਰ 'ਤੇ ਖਿਸਕ ਗਿਆ ਹੈ। ਸਟੇਫਾਨੋਸ ਸਿਤਸਿਪਾਸ 8ਵੇਂ, ਜੁਆਨ ਮਾਰਟਿਨ ਡੇਲ ਪੋਤ੍ਰੋ 9ਵੇਂ ਤੇ ਜਾਨ ਇਸਨਰ 10ਵੀਂ ਰੈਂਕਿੰਗ 'ਤੇ ਹਨ।

AZ ਡਰਾਇਵਰਾਂ ਦੀ ਲੋੜ ਹੈ
"New Drivers are welcome"



- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ

ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715




Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਰਾਮਗੜ੍ਹੀਆ ਕੇਨੈਡੀਅਨ ਸਿਟੀਜ਼ਨ, ਉਮਰ 24 ਸਾਲ, ਕੱਦ 5'-6", Pharmacy Graduate ਆਪਣਾ ਟਰੱਕਿੰਗ ਬਿਜ਼ਨਸ ਚਲਾ ਰਹੇ ਲੜਕੇ ਲਈ ਸੁੰਦਰ ਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। Send Bio data & Recent photo at whatsapp +1 647-294-1068 or +1 289-242-8681

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

## ਲੜਕੀ ਦੀ ਲੋੜ

A handsome, slim & athletic Senior Software Engineer in a Toronto Bank, M.S from USC, California, Cultured, Never Married Canadian Permanent Resident, June 1980/5'7", owns house, seeks a suitable slim, cultured, professionally qualified match below 36. MUST Email BHP to sb2can@gmail.com / 6477455075

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਾਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

ਕੈਨੇਡੀਅਨ ਪੰਜਾਬੀ ਪੋਸਟ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

**Wanted Office Clerk & Office Administrator**
- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

**Cell n Tell Distribution Inc.**
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**STARLANE PAINTING**
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਣੋਆ

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਇਕੱਤਰਤਾ ਵਿਚ 'ਤਰਕ ਅਤਰਕ' ਉੱਪਰ ਹੋਈ ਗੋਸ਼ਟੀ

## 'ਦੁਸ਼ਵਾਰੀਆਂ ਦੇ ਝਰੋਖੇ 'ਚੋਂ' ਕੀਤੀ ਗਈ ਲੋਕ-ਅਰਪਿਤ ਤੇ ਕਵੀ-ਦਰਬਾਰ ਵੀ ਹੋਇਆ

ਬਰੈਂਪਟਨ, (ਡਾ. ਝੰਡ) -ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਬੀਤੇ ਐਤਵਾਰ 21 ਅਪ੍ਰੈਲ ਨੂੰ ਮਾਸਿਕ ਇਕੱਤਰਤਾ ਵਿਚ ਕਰਨ ਅਜਾਇਬ ਸਿੰਘ ਸੰਘਾ ਦੀ ਕਾਵਿ-ਪੁਸਤਕ 'ਤਰਕ ਅਤਰਕ' ਉੱਪਰ ਗੋਸ਼ਟੀ ਕੀਤੀ ਗਈ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਸੰਘਾ ਸਾਹਿਬ ਤੋਂ ਇਲਾਵਾ ਬਰਲਿੰਘਟਨ ਤੋਂ ਆਏ ਕਵੀ ਪ੍ਰਗਟ ਸਿੰਘ ਬੱਗਾ, ਕੰਪਿਊਟਰ-ਧਨੰਤਰ ਕ੍ਰਿਪਾਲ ਸਿੰਘ ਪੰਨੂੰ ਤੇ ਹਰਜਸਪ੍ਰੀਤ ਗਿੱਲ ਤੋਂ ਇਲਾਵਾ ਦਰਸ਼ਨ ਸਿੰਘ 'ਦਰਸ਼ਨ' ਜਿਨ੍ਹਾਂ ਦੀ ਨਵ-ਪ੍ਰਕਾਸ਼ਿਤ ਪੁਸਤਕ 'ਦੁਸ਼ਵਾਰੀਆਂ ਦੇ ਝਰੋਖੇ 'ਚੋਂ' ਇਸ ਸਮਾਗ਼ਮ ਵਿਚ ਲੋਕ-ਅਰਪਿਤ ਕੀਤੀ ਗਈ, ਵੀ ਸੁਸ਼ੋਭਿਤ ਸਨ।

ਪੁਸਤਕ 'ਤਰਕ ਅਤਰਕ' ਸਬੰਧੀ ਮੁੱਖ-ਪਰਚਾ ਹਰਜਸਪ੍ਰੀਤ ਕੌਰ ਗਿੱਲ ਦਾ ਸੀ ਜਿਨ੍ਹਾਂ ਨੇ ਆਪਣੀ ਗੱਲ ਪੁਸਤਕ ਵਿਚ ਡਾ. ਦੀਪਕ ਮਨਮੋਹਨ ਸਿੰਘ ਦੇ ਮੁੱਖ-ਬੰਦ ਵਿਚ ਲਿਖੇ ਮੁੱਢਲੇ ਸ਼ਬਦਾਂ "ਅੱਜਕੱਲ੍ਹ ਪੰਜਾਬੀ ਵਿਚ ਕਵਿਤਾ ਥੋਕ ਦੇ ਭਾਅ ਲਿਖੀ ਜਾ ਰਹੀ ਹੈ" ਤੋਂ ਸ਼ੁਰੂ ਕੀਤੀ ਅਤੇ ਦੱਸਿਆ ਕਿ ਮਾੜੀ-ਮੋਟੀ ਤੁਕਬੰਦੀ ਸਿੱਖ ਲੈਣ ਵਾਲੇ ਕਿਵੇਂ ਆਪਣੇ ਆਪ ਨੂੰ ਕਵੀ ਸਮਝ ਬੈਠਦੇ ਹਨ। ਉਨ੍ਹਾਂ ਪੁਸਤਕ ਵਿੱਚੋਂ ਕਈ ਟੂਕਾਂ ਦਾ ਹਵਾਲਾ ਦੇ ਕੇ ਸੰਘਾ ਸਾਹਿਬ ਦੀ ਕਵਿਤਾ ਵਿਚ ਧਰਮ, ਫ਼ਿਲਾਸਫ਼ੀ, ਸਿਆਸਤ, ਅਧਿਆਤਮਵਾਦ ਤੇ ਫ਼ੈਲੇ ਭ੍ਰਿਸ਼ਟਾਚਾਰ ਦੀ ਗੱਲ ਬਾਖ਼ੂਬੀ ਕੀਤੀ ਅਤੇ ਇਸ ਦੇ ਨਾਲ ਹੀ ਉਨ੍ਹਾਂ ਦਾ ਕਹਿਣਾ ਸੀ ਕਿ ਸੰਘਾ ਸਾਹਿਬ ਦੀ ਕਵਿਤਾ ਕਈ ਥਾਈਂ ਨਿੱਜਮਈ ਅਤੇ ਉਪਦੇਸ਼ਮਈ ਹੋ ਜਾਂਦੀ ਹੈ।

ਬਹਿਸ ਦੀ ਸ਼ੁਰੂਆਤ ਕਰਦਿਆਂ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਕਿਹਾ ਕਿ ਕਵਿਤਾ ਲਿਖਦਿਆਂ ਕਵੀ ਦੇ ਮਨ ਵਿਚ 'ਨਿੱਜ' ਤੇ 'ਪਰ' ਦਾ ਅੰਤਰ ਬਹੁਤ ਥੋੜ੍ਹਾ ਰਹਿ ਜਾਂਦਾ ਹੈ ਅਤੇ ਉਸ ਦੀ ਹੱਡਬੀਤੀ ਦੇ ਨਾਲ਼ ਨਾਲ਼ ਜੱਗਬੀਤੀ ਵੀ ਕਵਿਤਾ ਦਾ ਅਹਿਮ ਹਿੱਸਾ ਬਣਦੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਕਵਿਤਾ ਵਿਚ ਇਲਮ ਤੇ ਅਮਲ ਦਾ ਸੁਮੇਲ ਹੋਣਾ ਚਾਹੀਦਾ ਹੈ। ਇਸ ਮੌਕੇ ਪ੍ਰੋ. ਰਾਮ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਕਿਹਾ ਕਿ ਧਰਮ ਤੇ ਜੀਵਨ ਇਕ ਦੂਸਰੇ ਦੇ ਪਿੱਛਲੱਗ ਹਨ ਅਤੇ ਧਰਮ ਦੇ ਅਰਥ ਮਨੁੱਖ ਦੀ ਸੋਚ ਤੇ ਸਮਝ ਅਨੁਸਾਰ ਸਮੇਂ-ਸਮੇਂ ਬਦਲਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਲੇਖਕ ਨੂੰ ਆਪਣੇ ਲਿਖੇ ਹੋਏ ਸ਼ਬਦਾਂ ਨੂੰ ਪਾਠਕ ਦੀ ਨਜ਼ਰ ਨਾਲ ਵੇਖਣਾ ਚਾਹੀਦਾ ਹੈ ਤੇ ਉਨ੍ਹਾਂ 'ਤੇ ਪਹਿਰਾ ਵੀ ਦੇਣਾ ਚਾਹੀਦਾ ਹੈ। ਡਾ. ਸੁਖਦੇਵ ਸਿੰਘ ਝੰਡ ਨੇ ਪੁਸਤਕ ਵਿਚਲੀ ਅਹਿਮ ਕਵਿਤਾ 'ਤਰਕ ਹੈ' ਨੂੰ ਆਧਾਰ ਬਣਾਉਂਦਿਆਂ ਹੋਇਆਂ ਆਪਣੇ ਵਿਚਾਰ ਪੇਸ਼ ਕੀਤੇ ਤੇ ਕਵੀ ਸੰਘਾ ਹੁਰਾਂ ਵੱਲੋਂ ਇਸ ਵਿਚ ਵਰਤੇ ਗਏ ਸ਼ਬਦਾਂ 'ਤਰਕ','ਅਤਰਕ', 'ਵਿਤਰਕ' ਤੇ 'ਕੁਤਰਕ' ਦੀ ਸਪੱਸ਼ਟਤਾ ਦੀ ਮੰਗ ਕੀਤੀ, ਜਦਕਿ ਬਲਰਾਜ ਚੀਮਾ ਨੇ ਕਵਿਤਾ ਲਿਖਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਹੋਇਆਂ ਸੰਘਾ ਜੀ ਨੂੰ ਸੁਆਲ ਕੀਤਾ ਕਿ ਉਹ ਕਿਹੜੀ ਸ਼ਕਤੀ ਹੈ ਜੋ ਉਨ੍ਹਾਂ ਕੋਲੋਂ ਕਵਿਤਾ ਲਿਖਵਾਉਂਦੀ ਹੈ। ਇਨ੍ਹਾਂ ਤੋਂ ਇਲਾਵਾ ਗੁਰਦੇਵ ਚੌਹਾਨ ਤੇ ਅਮਰਜੀਤ ਪੰਛੀ ਨੇ ਵੀ ਇਸ ਬਹਿਸ ਵਿਚ ਸਰਗ਼ਰਮ ਹਿੱਸਾ ਲਿਆ। ਬਹਿਸ ਵਿਚ ਉਠਾਏ ਗਏ ਨੁਕਤਿਆ 'ਤੇ ਸੁਆਲਾਂ ਦੇ ਜੁਆਬ ਕਰਨ ਅਜਾਇਬ ਸੰਘਾ ਵੱਲੋਂ ਤਸੱਲੀਪੂਰਵਕ ਦਿੱਤੇ ਗਏ।





ਉਪਰੰਤ, ਸਭਾ ਦੇ ਸਰਗ਼ਰਮ ਮੈਂਬਰ ਦਰਸ਼ਨ ਸਿੰਘ 'ਦਰਸ਼ਨ' ਦੀ ਨਵ-ਪ੍ਰਕਾਸ਼ਿਤ ਪੁਸਤਕ 'ਦੁਸਵਾਰੀਆਂ ਦੇ ਝਰੋਖੇ 'ਚੋਂ' ਲੋਕ-ਅਰਪਿਤ ਕੀਤੀ ਗਈ। ਡਾ. ਸੁਖਦੇਵ ਸਿੰਘ ਝੰਡ ਨੇ ਇਸ ਪੁਸਤਕ ਸਬੰਧੀ ਮੁੱਢਲੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪੁਸਤਕ ਵਿਚ ਦਰਜ ਵੱਖ-ਵੱਖ ਵਿਸ਼ਿਆਂ 'ਤੇ ਲਿਖੇ ਗਏ 64 ਕਹਾਣੀ-ਨੁਮਾ ਨਿਬੰਧ ਪੰਜਾਬ ਤੇ ਕੈਨੇਡਾ ਵਿਚਲੀਆਂ ਲੋਕਾਂ ਵੱਲੋਂ ਸਹੀਆਂ ਜਾ ਰਹੀਆਂ ਦੁਸ਼ਵਾਰੀਆਂ ਨੂੰ ਭਲੀ-ਭਾਂਤ ਦਰਸਾਉਂਦੇ ਹਨ ਅਤੇ ਇਹ ਆਰਟੀਕਲ ਇਸ ਰੂਪ ਵਿਚ ਆਉਣ ਤੋਂ ਪਹਿਲਾਂ ਸਮੇਂ-ਸਮੇਂ ਇੱਥੋਂ ਦੀ ਹਫ਼ਤਾਵਾਰੀ ਅਖ਼ਬਾਰ 'ਸਿੱਖ ਸਪੋਕਸਮੈਨ' ਦਾ ਅਹਿਮ ਹਿੱਸਾ ਬਣਦੇ ਰਹੇ ਹਨ। ਸਮਾਗ਼ਮ ਦੇ ਇਸ ਭਾਗ ਦਾ ਸੰਚਾਲਨ ਤਲਵਿੰਦਰ ਮੰਡ ਵੱਲੋਂ ਬਾਖ਼ੂਬੀ ਨਿਭਾਇਆ ਗਿਆ।

ਸਮਾਗ਼ਮ ਦੇ ਦੂਸਰੇ ਭਾਗ ਨੂੰ ਅੱਗੇ ਵਧਾਉਂਦਿਆਂ ਪਰਮਜੀਤ ਢਿੱਲੋਂ ਨੇ ਹਾਜ਼ਰ ਕਵੀਆਂ, ਕਵਿੱਤਰੀਆਂ ਤੇ ਗਾਇਕਾਂ ਨੂੰ ਵਾਰੋ-ਵਾਰੀ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਵਿਚ ਇਕਬਾਲ ਬਰਾੜ, ਮੀਤਾ ਖੰਨਾ, ਡਾ. ਕੁਲਦੀਪ ਸਿੰਘ ਭਾਟੀਆ, ਰਿੰਕੂ ਭਾਟੀਆ, ਅਮਰਜੀਤ ਪੰਛੀ, ਹਰਭਜਨ ਕੌਰ ਗਿੱਲ, ਨਵਦੀਪ ਕੌਰ ਗਿੱਲ, ਸੁਰਜੀਤ ਕੌਰ, ਗੁਰੰਜਲ ਕੌਰ, ਜਸਵੰਤ ਕੌਰ, ਅਵਤਾਰ ਸਿੰਘ ਅਰਸ਼ੀ, ਡਾ.ਅਰੁਣਜੀਤ ਟਿਵਾਣਾ, ਮਕਸੂਦ ਚੌਧਰੀ, ਪ੍ਰਗਟ ਸਿੰਘ ਬੱਗਾ, ਕਰਨ ਅਜਾਇਬ ਸੰਘਾ, ਹਰਦਿਆਲ ਝੀਤਾ, ਜਰਨੈਲ ਸਿੰਘ ਮੱਲ੍ਹੀ, ਸੁਰਿੰਦਰ ਸ਼ਰਮਾ, ਤਲਵਿੰਦਰ ਮੰਡ ਤੇ ਕਈ ਹੋਰ ਸ਼ਾਮਲ ਸਨ। ਪਟਿਆਲਾ ਤੋਂ ਪਿਛਲੇ ਦਿਨੀਂ ਇੱਥੇ ਆਏ ਡਾ. ਅਰੁਣਜੀਤ ਟਿਵਾਣਾ ਦੀਆਂ ਕਵਿਤਾਵਾਂ 'ਮੈਂ ਮੈਂ ਹਾਂ' ਤੇ 'ਮੈਂ ਭੀੜ ਹਾਂ' ਨੇ ਸਰੋਤਿਆਂ ਦੀ ਖ਼ੂਬ ਵਾਹ-ਵਾਹ ਖੱਟੀ।

ਇਸ ਕਵੀ-ਦਰਬਾਰ ਦਾ ਇਹ ਵਿਸ਼ੇਸ਼ ਹਾਸਲ ਰਿਹਾ ਕਿ ਇਸ ਦੇ ਪ੍ਰਧਾਨਗੀ-ਮੰਡਲ ਵਿਚ ਸ਼ਾਮਲ ਹਰਭਜਨ ਕੌਰ ਗਿੱਲ, ਸੁਰਜੀਤ ਕੌਰ, ਪੁਸ਼ਪਿੰਦਰ ਜੋਸਣ, ਜਸਵੰਤ ਕੌਰ ਤੇ ਕੈਲਾਸ਼ ਮਹੰਤ ਸਮੇਤ ਸਾਰੀਆਂ ਬੀਬੀਆਂ ਹੀ ਸਨ ਅਤੇ ਇਸ ਵਿਚ ਕਵਿੱਤਰੀਆਂ ਦੀ ਗਿਣਤੀ ਵੀ ਕਵੀਆਂ ਨਾਲੋਂ ਵਧੇਰੇ ਸੀ। ਸਮਾਗ਼ਮ ਵਿਚ ਸਮਾਜ-ਸੇਵੀ, ਦਲਜੀਤ ਸਿੰਘ ਗੈਦੂ, ਕਈ ਵਾਰ ਖ਼ੂਨਦਾਨ ਕਰ ਚੁੱਕੀ ਜੋੜੀ ਬਲਵੰਤ ਸਿੰਘ ਤੇ ਜਸਵੰਤ ਕੌਰ, ਡਾ. ਜਗਮੋਹਨ ਸੰਘਾ, ਹਰਪਾਲ ਸਿੰਘ ਭਾਟੀਆ, ਜਸਵਿੰਦਰ ਸਿੰਘ, ਰਮਿੰਦਰ ਵਾਲੀਆ ਤੇ ਕਈ ਹੋਰਨਾਂ ਨੇ ਭਰਪੂਰ ਸ਼ਿਰਕਤ ਕੀਤੀ।

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
Local City Drivers @ 22/hr
For Canada To US Runs
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar™
INTERMODAL • TRANSPORT • STORAGE
HIRING DRIVERS
for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Help Wanted for Pizza Store
Maple ਵਿੱਚ ਇਕ ਬਿਜ਼ੀ ਪੀਜ਼ਾ ਸਟੋਰ ਤੇ ਕੰਮ ਕਰਨ ਵਾਸਤੇ ਲੇਡੀਜ਼ ਵਰਕਰ ਦੀ ਜਰੂਰਤ ਹੈ। ਫੁੱਲ ਟਾਈਮ ਜੋਬ ਹੈ ਅਤੇ ਨਾਲ ਹੀ ਪੀਜ਼ਾ ਡਿਲਵਰੀ PART TIME ਡਰਾਇਵਰਾਂ ਦੀ ਜਰੂਰਤ ਹੈ।
ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ।
ਹੋਰ ਜਾਣਕਾਰੀ ਵਾਸਤੇ ਸਵੇਰ ਦੇ 10 ਵਜੇ ਤੋਂ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।
647-704-3799 or 647-705-9736

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
◦ $50 per hr
◦ Experience: 5 years or more
◦ Education: Bachelors Degree Business/Commerce
Email Resume at umar.w@cellntell.com

Get the right INSURANCE for you!
AUTO | HOME | BUSINESS
Life Insurance, Critical Illness,
Disability, Super Visa Insurance,
Travel & Visitor Insurance, Investments
Damanjit S. Kainth (KD) 416.554.1869
damanjit@hotmail.com

BRITANNIA AUTO BODY
We deal with All Major Insurance companies
401 & Dixie Rd
Call: 416.671.7252
6087 Netherhart Rd, #1 & 2, Mississauga, ON L5T 1G5

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਦੇਸ਼ ਲਈ ਖਤਰਨਾਕ ਹੈ ਧਾਰਮਿਕ ਕੱਟੜਤਾ

-ਹਰਬੰਸ ਸਿੰਘ

'ਧਰਮ ਜੋੜਦਾ ਹੈ, ਤੋੜਦਾ ਨਹੀਂ।' ਇਹ ਗੱਲ ਸਾਰੇ ਧਰਮਾਂ ਦੇ ਸੰਤ, ਮਹਾਂਪੁਰਖ ਅਤੇ ਉਨ੍ਹਾਂ ਦੇ ਪੈਰੋਕਾਰ ਵਾਰ-ਵਾਰ ਕਹਿੰਦੇ ਹਨ, ਪਰ ਜਦੋਂ ਕਿਤੇ ਹਕੀਕਤ ਵਿੱਚ ਇਸ ਗੱਲ 'ਤੇ ਅਮਲ ਕਰਨ ਦਾ ਸਮਾਂ ਆਉਂਦਾ ਹੈ ਤਾਂ ਸਾਨੂੰ ਇਸ ਦੇ ਉਲਟ ਵਰਤਾਰਾ ਦੇਖਣ ਨੂੰ ਮਿਲਦਾ ਹੈ। ਓਦੋਂ ਅਸੀਂ ਦੇਖਦੇ ਹਾਂ ਕਿ ਧਰਮ ਜੋੜਦਾ ਨਹੀਂ, ਤੋੜਦਾ ਹੈ। ਧਰਮਾਂ ਦੇ ਜਾਣਕਾਰਾਂ ਦਾ ਵਿਚਾਰ ਹੈ ਕਿ ਸਾਰੇ ਧਰਮ ਆਪਣੇ ਆਰੰਭ ਵਿੱਚ ਸਮੁੱਚੇ ਸਮਾਜ ਨੂੰ ਇਕ ਪਰਵਾਰ ਮੰਨ ਕੇ ਚੱਲਦੇ ਹਨ, ਪਰ ਸਮਾਂ ਪਾ ਕੇ ਉਨ੍ਹਾਂ ਵਿੱਚ ਆਪਣੇ ਧਰਮ ਨੂੰ ਮੰਨਣ ਵਾਲਿਆਂ ਤੇ ਦੂਜੇ ਧਰਮਾਂ ਦੇ ਪੈਰੋਕਾਰਾਂ ਲਈ ਅਲੱਗ ਤਰ੍ਹਾਂ ਦੀਆਂ ਭਾਵਨਾਵਾਂ ਪੈਦਾ ਹੋਣ ਲੱਗਦੀਆਂ ਹਨ। ਉਨ੍ਹਾਂ ਦਾ ਵਿਹਾਰ ਆਪਣੇ ਧਰਮ ਦੇ ਮੰਨਣ ਵਾਲਿਆਂ ਲਈ ਬਹੁਤ ਭਾਈਚਾਰਕ ਹੁੰਦਾ ਹੈ, ਪਰ ਜਦੋਂ ਉਹ ਆਪਣੇ ਧਰਮ ਦੇ ਦਾਇਰੇ ਤੋਂ ਬਾਹਰ ਦੂਜੇ ਧਰਮ ਦੇ ਦਾਇਰੇ ਵਿੱਚ ਦਾਖਲ ਹੁੰਦੇ ਹਨ ਤਾਂ ਉਨ੍ਹਾਂ ਦਾ ਵਿਵਹਾਰ ਕਾਫੀ ਬਦਲ ਜਾਂਦਾ ਹੈ। ਕੋਈ ਵੀ ਧਰਮ ਜ਼ਿਆਦਾ ਸਮੇਂ ਤੱਕ ਆਪਣੀ ਮੁੱਢਲੀ ਵਿਚਾਰਧਾਰਾ ਨੂੰ ਕਾਇਮ ਨਹੀਂ ਰੱਖ ਸਕਦਾ। ਉਸ ਵਿੱਚ ਹੌਲੀ-ਹੌਲੀ ਰਵਾਇਤੀ ਕਮੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਇਸੇ ਕਰਕੇ ਧਰਮਾਂ ਵਿੱਚ ਸੁਧਾਰਵਾਦੀ ਲਹਿਰਾਂ ਚੱਲਦੀਆਂ ਰਹਿੰਦੀਆਂ ਹਨ। ਕਈ ਵਾਰੀ ਇਨ੍ਹਾਂ ਲਹਿਰਾਂ ਦੀ ਵਜ੍ਹਾ ਕਰ ਕੇ ਧਰਮਾਂ ਵਿੱਚ ਧੜੇਬੰਦੀ ਇਸ ਹੱਦ ਤੱਕ ਵਧ ਜਾਂਦੀ ਹੈ ਕਿ ਉਹ ਲੋਕ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਜਾਂਦੇ ਹਨ, ਜਿਵੇਂ ਇਸਲਾਮ ਵਿੱਚ ਸ਼ੀਆ ਅਤੇ ਸੁੰਨੀ ਦਾ ਵਿਚਾਰਧਾਰਕ ਟਕਰਾਅ ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਹੈ। ਸਾਡੇ ਹਿੰਦੂ ਧਰਮ ਨੂੰ ਮੰਨਣ ਵਾਲੇ ਸਾਧੂਆਂ ਦੇ ਕਈ ਅਖਾੜੇ ਹਨ। ਇਹ ਸਾਧੂ ਕੁੰਭ ਦੇ ਮੌਕੇ ਇਸ਼ਨਾਨ ਮੌਕੇ ਅਕਸਰ ਇਸੇ ਗੱਲ ਤੋਂ ਝਗੜ ਪੈਂਦੇ ਹਨ ਕਿ ਪਹਿਲਾਂ ਕਿਹੜਾ ਅਖਾੜਾ ਇਸ਼ਨਾਨ ਕਰੇਗਾ। ਇਸ ਗੱਲ ਬਾਰੇ ਉਨ੍ਹਾਂ ਵਿੱਚ ਤਕਰਾਰ ਕਈ ਵਾਰ ਮਾਰ ਕੁਟਾਈ ਤੱਕ ਜਾ ਪਹੁੰਚਦੀ ਹੈ। ਦੇਸ਼ ਅੰਦਰ ਹਿੰਦੂ, ਸਿੱਖ, ਮੁਸਲਿਮ, ਇਸਾਈ, ਬੋਧੀ ਅਤੇ ਜੈਨ ਧਰਮ ਦੇ ਪੈਰੋਕਾਰ ਰਲ ਮਿਲ ਕੇ ਭਾਈਚਾਰਕ ਸ਼ਾਂਤੀ ਤੇ ਅਮਨ ਅਮਾਨ ਨਾਲ ਸਦੀਆਂ ਤੋਂ ਰਹਿ ਰਹੇ ਹਨ। ਇਨ੍ਹਾਂ ਨੂੰ ਭਾਵੇਂ ਇਤਿਹਾਸਕ ਤੌਰ 'ਤੇ ਕਈ ਵਾਰ ਧਾਰਮਿਕ ਕੱਟੜਵਾਦ ਦਾ ਸਾਹਮਣਾ ਕਰਨਾ ਪਿਆ, ਫਿਰ ਵੀ ਸਾਡੇ ਲੋਕਾਂ ਦੀ ਖਾਸੀਅਤ ਰਹੀ ਹੈ ਕਿ ਉਨ੍ਹਾਂ ਦੀ ਲੰਬੇ ਸਮੇਂ ਤੱਕ ਭਾਈਚਾਰਕ ਸਾਂਝ ਨੂੰ ਖਤਮ ਨਹੀਂ ਕੀਤਾ ਜਾ ਸਕਿਆ।

ਭਾਰਤ ਦੀ ਵੰਡ ਸਮੇਂ ਟਕਰਾਅ ਵਿੱਚ ਲੱਖਾਂ ਲੋਕਾਂ ਦੇ ਮਰਨ ਤੋਂ ਬਾਅਦ ਛੇਤੀ ਹੀ ਵੱਖ-ਵੱਖ ਧਰਮਾਂ ਦੇ ਲੋਕ ਆਪਸ ਵਿੱਚ ਮਿਲ ਕੇ ਰਹਿਣ ਨੂੰ ਪਹਿਲ ਦੇਣ ਲੱਗ ਪਏ। ਪਿਛਲੇ 70 ਸਾਲਾਂ ਵਿੱਚ ਦੇਸ਼ ਦੀ ਤਰੱਕੀ ਵਿੱਚ ਹਰ ਧਰਮ ਦੇ ਲੋਕਾਂ ਨੇ ਵੱਡਾ ਯੋਗਦਾਨ ਪਾਇਆ ਹੈ। ਦੇਸ਼ ਦੀ ਖੁਸ਼ਹਾਲੀ ਤੇ ਤਰੱਕੀ ਦਾ ਸਿਹਰਾ ਕਿਸੇ ਇਕ ਧਰਮ ਜਾਂ ਫਿਰਕੇ ਨੂੰ ਨਹੀਂ ਦਿੱਤਾ ਜਾ ਸਕਦਾ। ਸਾਡਾ ਦੇਸ਼ ਬਹੁ ਧਰਮੀ, ਬਹੁ ਜਾਤੀ ਤੇ ਬਹੁ ਭਾਸ਼ਾਈ ਹੈ। ਅਸੀਂ ਸੰਸਾਰ ਵਿੱਚ ਤੇਜ਼ੀ ਨਾਲ ਅੱਗੇ ਵਧ ਰਹੀ ਅਰਥ ਵਿਵਸਥਾ ਵਾਲਾ ਦੇਸ਼ ਮੰਨੇ ਜਾਂਦੇ ਹਾਂ। ਅਸੀਂ ਤੇਜ਼ੀ ਨਾਲ ਵਿਕਾਸ ਕਰਨਾ ਚਾਹੁੰਦੇ ਹਾਂ ਅਤੇ ਗਰੀਬੀ, ਕੁਪੋਸ਼ਣ, ਅਨਪੜ੍ਹਤਾ ਤੇ ਬੇਰੁਜ਼ਗਾਰੀ ਆਦਿ ਬਿਮਾਰੀਆਂ ਨੂੰ ਜੜ ਤੋਂ ਖਤਮ ਕਰਨਾ ਚਾਹੁੰਦੇ ਹਾਂ। ਸਾਡਾ ਗੁਆਂਢੀ ਦੇਸ਼ ਚੀਨ ਸਾਥੋਂ ਵੱਧ ਆਬਾਦੀ ਹੋਣ ਦੇ ਬਾਵਜੂਦ ਹਰ ਖੇਤਰ ਵਿੱਚ ਸਾਡੇ ਤੋਂ ਅੱਗੇ ਨਿਕਲ ਚੁੱਕਾ ਹੈ। ਇਸ ਦਾ ਇਕ ਵੱਡਾ ਕਾਰਨ ਉਥੋਂ ਦੇ ਲੋਕਾਂ ਦਾ ਵੱਖ-ਵੱਖ ਧਰਮਾਂ ਅਤੇ ਜਾਤਾਂ ਵਿੱਚ ਵੰਡੇ ਨਾ ਹੋਣਾ ਵੀ ਹੈ।

ਅਸੀਂ ਸਾਰੇ ਕਿਤੇ ਨਾ ਕਿਤੇ ਧਰਮ ਅਤੇ ਜਾਤ ਦੇ ਆਧਾਰ 'ਤੇ ਇਕ ਦੂਜੇ ਪ੍ਰਤੀ ਗੈਰ ਭਰੋਸਗੀ ਦਾ ਸ਼ਿਕਾਰ ਰਹਿੰਦੇ ਹਾਂ, ਜਿਸ ਨਾਲ ਸਾਡੀ ਕੰਮ ਦੀ ਸਮਰੱਥਾ ਪ੍ਰਭਾਵਿਤ ਹੁੰਦੀ ਹੈ। ਜਦੋਂ ਇਕ ਧਰਮ ਜਾਂ ਜਾਤ ਦੇ ਬੰਦੇ ਆਪਣੇ ਆਪ ਨੂੰ ਉਚ ਕੋਟੀ ਦਾ ਸਮਝਦੇ ਹਨ ਤਾਂ ਇਸ ਨਾਲ ਦੂਜੇ ਲੋਕਾਂ ਨੂੰ ਬਰਾਬਰੀ ਦੇ ਮਾਨ ਸਨਮਾਨ ਦੀ ਘਾਟ ਮਹਿਸੂਸ ਹੋਣ ਲੱਗਦੀ ਹੈ।

ਪਿਛਲੇ ਕੁਝ ਸਮੇਂ ਤੋਂ ਸਾਡੇ ਦੇਸ਼ ਵਿੱਚ ਧਾਰਮਿਕ ਕੱਟੜਵਾਦ ਦਾ ਬੋਲਬਾਲਾ ਕਾਫੀ ਵਧ ਗਿਆ ਹੈ। ਇਸ ਨਾਲ ਹੁਣ ਸਾਨੂੰ ਹਿੰਦੂ ਕੱਟੜਵਾਦ, ਮੁਸਲਿਮ ਕੱਟੜਵਾਦ ਤੇ ਸਿੱਖ ਕੱਟੜਵਾਦ ਵਰਗੇ ਸ਼ਬਦ ਆਮ ਹੀ ਸੁਣਨ ਨੂੰ ਮਿਲਦੇ ਹਨ। ਸਾਰੇ ਲੋਕ ਆਪਣੇ ਧਰਮ ਦੀ ਕੱਟੜਤਾ ਨੂੰ ਜਾਇਜ਼ ਠਹਿਰਾਉਣ ਬਾਰੇ ਤਰਕ ਦਿੰਦੇ ਹਨ। ਸੋਸ਼ਲ ਮੀਡੀਆ ਇਸ ਨੂੰ ਹਵਾ ਦੇਣ ਦਾ ਰੋਲ ਨਿਭਾ ਰਿਹਾ ਹੈ, ਪਰ ਸੋਚਣ ਦੀ ਗੱਲ ਹੈ ਕਿ ਜਦੋਂ ਅਸੀਂ ਸਦੀਆਂ ਤੋਂ ਅਮਨ ਅਮਾਨ ਨਾਲ ਮਿਲ ਕੇ ਰਹਿ ਰਹੇ ਹਾਂ ਅਤੇ ਇਕ ਦੂਜੇ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੋ ਰਹੇ ਹਾਂ ਤਾਂ ਹੁਣ ਕਿਉਂ ਇਸ ਕੱਟੜਤਾ ਨੂੰ ਵਧਾਇਆ ਜਾ ਰਿਹਾ ਹੈ।

ਮੈਂ ਇਸ ਮੁੱਦੇ ਨੂੰ ਕੁਝ ਰਾਜਨੀਤਕ ਲੋਕਾਂ ਵੱਲੋਂ ਆਪਣੇ ਨਿੱਜੀ ਮੁਫਾਦ ਲਈ ਕੀਤੀ ਜਾਂਦੀ ਘਟੀਆ ਹਰਕਤ ਮੰਨਦਾ ਹਾਂ। ਇਸ ਨਾਲ ਵਕਤੀ ਤੌਰ 'ਤੇ ਤਾਂ ਰਾਜਨੀਤਕ ਲਾਭ ਹੋ ਸਕਦਾ ਹੈ, ਪਰ ਇਸ ਨਾਲ ਜੋ ਨੁਕਸਾਨ ਦੇਸ਼ ਅਤੇ ਸਮਾਜ ਦੇ ਲੋਕਾਂ ਦਾ ਹੁੰਦਾ ਹੈ, ਉਸ ਦੀ ਭਰਪਾਈ ਲਈ ਕਈ ਵਾਰ ਸਦੀਆਂ ਲੱਗ ਜਾਂਦੀਆਂ ਹਨ। ਦੇਸ਼ ਦੇ ਸ਼ਾਂਤੀ ਭਰੇ ਮਾਹੌਲ ਵਿੱਚ ਲੋਕ ਜ਼ਿਆਦਾ ਮਿਹਨਤ ਨਾਲ ਕੰਮ ਕਰਦੇ ਹਨ ਅਤੇ ਵਿਕਾਸ ਤੇਜ਼ੀ ਨਾਲ ਹੁੰਦਾ ਹੈ, ਵਿਅਕਤੀਗਤ ਕਮਾਈ ਵਧ ਹੁੰਦੀ ਹੈ। ਵਧ ਕਮਾਈ ਹੋਣ ਨਾਲ ਬਾਜ਼ਾਰਾਂ ਦੀ ਖਰੀਦ ਵਿੱਚ ਤੇਜ਼ੀ ਆਉਂਦੀ ਹੈ। ਉਦਯੋਗ ਜਗਤ ਨੂੰ ਹੁਲਾਰਾ ਮਿਲਦਾ ਹੈ। ਆਰਥਿਕ ਸਰਗਰਮੀਆਂ ਤੇਜ਼ੀ ਨਾਲ ਅੱਗੇ ਵਧਦੀਆਂ ਹਨ। ਅੱਜ ਵਿਸ਼ਵ ਅੰਦਰ ਆਰਥਿਕ ਤਾਕਤ ਹੋਣਾ ਹੀ ਕਿਸੇ ਵੀ ਦੇਸ਼ ਦੀ ਸਭ ਤੋਂ ਵੱਡੀ ਤਾਕਤ ਮੰਨੀ ਜਾਂਦੀ ਹੈ। ਇਸ ਹੁਲਾਰੇ ਨਾਲ ਹੀ ਅਸੀਂ ਵਿਕਾਸਸ਼ੀਲ ਤੋਂ ਵਿਕਸਤ ਦੇਸ਼ ਬਣ ਸਕਦੇ ਹਾਂ। ਕਿਸੇ ਇਕ ਧਰਮ ਜਾਂ ਫਿਰਕੇ ਦੇ ਲੋਕਾਂ ਨੂੰ ਅੱਗੇ ਲੈ ਕੇ ਜਾਣ ਨਾਲ ਦੇਸ਼ ਦਾ ਸੁਮੱਚਾ ਵਿਕਾਸ ਨਹੀਂ ਕੀਤਾ ਜਾ ਸਕਦਾ।



ਜੇ ਧਰਮ ਹੀ ਲੋਕਾਂ ਨੂੰ ਜੋੜ ਕੇ ਰੱਖਦਾ ਹੁੰਦਾ ਤਾਂ ਇਰਾਨ ਤੇ ਇਰਾਕ ਵਿੱਚ ਕਦੇ ਵੀ ਜੰਗ ਨਾ ਹੁੰਦੀ। ਮਿਸਰ ਅੰਦਰ ਖਾਨਾਜੰਗੀ ਵਾਲੇ ਹਾਲਾਤ ਨਾ ਬਣਦੇ। ਪਾਕਿਸਤਾਨ ਤੋਂ ਲੈ ਕੇ ਅਫਗਾਨਿਸਤਾਨ ਦੀਆਂ ਹੱਦਾਂ 'ਤੇ ਮਾਰਾ-ਮਾਰੀ ਨਾ ਹੁੰਦੀ। ਸੋ, ਵਿਚਾਰਨ ਵਾਲੀ ਗੱਲ ਇਹ ਕਿ ਧਰਮ ਦਾ ਦਖਲ ਸਿਰਫ ਨਿੱਜੀ ਜ਼ਿੰਦਗੀ ਤੱਕ ਰਹੇ ਤਾਂ ਬਹੁਤ ਚੰਗੀ ਗੱਲ ਹੋਵੇਗੀ। ਇਸ ਨਾਲ ਅਸੀਂ ਵਿਸ਼ਵ ਦੇ ਨਕਸ਼ੇ ਉਪਰ ਤਾਕਤਵਰ ਧਿਰ ਬਣ ਕੇ ਅੱਗੇ ਵਧਾਂਗੇ। ਆਓ ਸਾਰੇ ਰਲ ਮਿਲ ਕੇ ਯਤਨ ਕਰੀਏ ਕਿ 'ਧਰਮ ਜੋੜਦਾ ਹੈ, ਤੋੜਦਾ ਨਹੀਂ' ਦੀ ਭਾਵਨਾ ਨੂੰ ਇਸੇ ਤਰ੍ਹਾਂ ਕਾਇਮ ਰੱਖ ਸਕੀਏ।

# ਬੜੀ ਖੌਫਨਾਕ ਹੈ ਸਰਹੱਦੀ ਲੋਕਾਂ ਦੀ ਦਾਸਤਾਨ

-ਬ੍ਰਿਗੇ. (ਰਿ.) ਕੁਲਦੀਪ ਸਿੰਘ ਕਾਹਲੋਂ

ਭਾਰਤ-ਪਾਕਿਸਤਾਨ ਨਾਲ ਲੱਗਦੀ ਕੁੱਲ 3323 ਕਿਲੋਮੀਟਰ ਲੰਮੀ ਸਰਹੱਦ ਦਾ ਤਕਰੀਬਨ ਤੀਜਾ ਹਿੱਸਾ ਜੰਮੂ-ਕਸ਼ਮੀਰ ਦੇ 10 ਜ਼ਿਲ੍ਹਿਆਂ ਨਾਲ ਲੱਗਦਾ ਹੈ, ਜਿਸ 'ਚ ਲਾਈਨ ਆਫ ਕੰਟਰੋਲ (ਐੱਲ ਓ ਸੀ) ਅਤੇ ਕੌਮਾਂਤਰੀ ਸਰਹੱਦ ਵੀ ਸ਼ਾਮਲ ਹੈ। ਕਰੀਬ 750 ਕਿਲੋਮੀਟਰ ਵਾਲੀ ਐਲ ਓ ਸੀ ਉੱਤੇ ਗੋਲੀਬਾਰੀ ਦੀ ਘੋਰ ਉਲੰਘਣਾ ਦੇ ਨਾਲ ਘੁਸਪੈਠ ਅਤੇ ਫਿਦਾਇਨ ਹਮਲਿਆਂ ਨੇ ਹੁਣ ਆਪਣਾ ਘੇਰਾ ਕੌਮਾਂਤਰੀ ਸਰਹੱਦ ਵੱਲ ਨੂੰ ਵੀ ਵਧਾਉਣਾ ਸ਼ੁਰੂ ਕਰ ਦਿੱਤਾ ਹੈ। ਕਸ਼ਮੀਰ ਘਾਟੀ ਤੋਂ ਇਲਾਵਾ ਪੁਣਛ, ਰਾਜੌਰੀ, ਅਖਨੂਰ, ਅਰਨੀਆ, ਆਰ ਐੱਸ ਪੁਰਾ ਆਦਿ ਇਲਾਕਿਆਂ ਦੇ ਸਰਹੱਦੀ ਪਿੰਡਾਂ ਉਪਰ ਲਗਾਤਾਰ ਦਾਗੇ ਜਾ ਰਹੇ ਗੋਲਿਆਂ ਕਾਰਨ ਜਿੱਥੇ ਜਾਨੀ ਤੇ ਮਾਲੀ ਨੁਕਸਾਨ 'ਚ ਵਾਧਾ ਹੁੰਦਾ ਹੈ, ਉਥੇ ਹਜ਼ਾਰਾਂ ਦੀ ਗਿਣਤੀ 'ਚ ਮੁਸੀਬਤਾਂ ਝੱਲਦੇ ਲੋਕ ਆਪਣਾ ਕਾਰੋਬਾਰ, ਘਰ-ਬਾਰ ਛੱਡ ਕੇ ਸੁਰੱਖਿਅਤ ਥਾਵਾਂ ਵੱਲ ਨੂੰ ਹਿਜਰਤ ਕਰ ਰਹੇ ਹਨ। ਗੋਲੀਬਾਰੀ ਕਾਰਨ ਕਈ ਘਰ ਢਹਿ ਢੇਰੀ ਹੋ ਗਏ, ਬੱਚਿਆਂ ਸਮੇਤ ਕੁਝ ਲੋਕ ਮਾਰੇ ਵੀ ਗਏ, ਸਕੂਲ ਬੰਦ ਪਏ ਹਨ, ਸਮੇਂ ਸਿਰ ਡਾਕਟਰੀ ਸਹਾਇਤਾ ਮਿਲਦੀ ਨਹੀਂ। ਬੜੀ ਹੀ ਖੌਫਨਾਕ ਸਥਿਤੀ ਹੈ ਸਰਹੱਦੀ ਲੋਕਾਂ ਦੀ।



ਸਵਾਲ ਪੈਦਾ ਹੁੰਦਾ ਹੈ ਕਿ ਸਰਕਾਰਾਂ ਕੀ ਕਰ ਰਹੀਆਂ ਹਨ? ਆਜ਼ਾਦੀ ਤੋਂ ਸੱਤ ਦਹਾਕੇ ਪਿੱਛੋਂ ਵੀ ਭਾਰਤ ਸਰਕਾਰ ਜਾਂ ਸੰਬੰਧਤ ਸੂਬਾ ਸਰਕਾਰਾਂ ਨੇ ਸਰਹੱਦੀ ਖੇਤਰਾਂ 'ਚ ਰਹਿਣ ਵਾਲੇ ਕਿਸਾਨਾਂ, ਬੇਸਹਾਰਾ-ਮਜ਼ਦੂਰਾਂ, ਕਾਰੋਬਾਰੀਆਂ ਵਾਸਤੇ ਕੋਈ ਵਿਸ਼ੇਸ਼ ਕਾਨੂੰਨ ਘੜਿਆ ਤੇ ਕੋਈ ਵਿਸ਼ਾਲ ਕੌਮੀ ਨੀਤੀ ਤੈਅ ਕੀਤੀ? ਪਾਕਿਸਤਾਨ ਵੱਲੋਂ ਕੀਤੀ ਜਾਂਦੀ ਗੋਲੀਬਾਰੀ ਕਾਰਨ ਜੰਮੂ-ਕਸ਼ਮੀਰ ਅੰਦਰ ਲੋਕ ਮੌਤ ਦਾ ਸ਼ਿਕਾਰ ਹੁੰਦੇ ਹਨ। ਕੀ ਸਾਡੇ ਨੇਤਾਵਾਂ ਨੂੰ ਉਨ੍ਹਾਂ ਦੀ ਕੋਈ ਚਿੰਤਾ ਨਹੀਂ?

ਭਾਰਤ ਸਰਕਾਰ ਨੇ ਹੁਣੇ ਜਿਹੇ ਇੱਕ ਫੈਸਲਾ ਲਿਆ, ਜਿਸ ਦੇ ਅਨੁਸਾਰ ਐੱਲ ਓ ਸੀ ਅਤੇ ਕੌਮਾਂਤਰੀ ਸਰਹੱਦ 'ਤੇ 10 ਕਿਲੋਮੀਟਰ ਦੀ ਵਿੱਥ ਤੱਕ ਪੈਂਦੇ 24 ਪਿੰਡਾਂ ਨੂੰ 'ਮਾਡਲ ਪਿੰਡ' ਵਿੱਚ ਤਬਦੀਲ ਕਰਨਾ ਤੈਅ ਹੋਇਆ ਹੈ, ਪਰ ਜੰਮੂ-ਕਸ਼ਮੀਰ 'ਚ ਕੁੱਲ 2234 ਸਰਹੱਦੀ ਪਿੰਡ ਹਨ। ਲੋੜ ਇਹ ਹੈ ਕਿ ਗੋਲਾਬਾਰੀ ਦੀ ਲਪੇਟ ਵਿੱਚ ਆਉਂਦੇ ਸਾਰੇ ਪਿੰਡਾਂ ਵਿੱਚ 'ਸ਼ੈਲ ਪਰੂਫ ਬੰਕਰ' ਬਣਾਏ ਜਾਣ, ਉਂਝ ਤਾਂ ਅਜੇ ਤੱਕ ਬਾਰਡਰ 'ਤੇ ਤੈਨਾਤ ਫੌਜ ਕੋਲ ਵੀ ਕਈ ਕੱਚੇ ਬੰਕਰ ਹਨ।

ਵਰਣਨ ਯੋਗ ਹੈ ਕਿ ਸੰਨ 2011 ਦੀ ਮਰਦਮ ਸ਼ੁਮਾਰੀ ਅਨੁਸਾਰ ਜੰਮੂ-ਕਸ਼ਮੀਰ ਦੀ ਕੁੱਲ ਆਬਾਦੀ 1.25 ਕਰੋੜ ਸੀ, ਜੋ ਦੇਸ਼ ਦੀ ਕੁੱਲ ਆਬਾਦੀ ਦਾ ਕਰੀਬ ਇੱਕ ਫੀਸਦੀ ਬਣਦੀ ਹੈ, ਪਰ ਜੰਮੂ-ਕਸ਼ਮੀਰ ਨੂੰ ਕੇਂਦਰ ਦੀ ਕੁੱਲ ਗਰਾਂਟ ਦਾ 10 ਫੀਸਦੀ ਹਿੱਸਾ ਹਾਸਲ ਕਰਵਾਇਆ ਗਿਆ। ਅਸਲ 'ਚ ਜੰਮੂ-ਕਸ਼ਮੀਰ ਦੇ ਸਰਹੱਦੀ ਇਲਾਕੇ ਦੇ ਤਕਰੀਬਨ ਸਾਰੇ ਪਿੰਡ ਕਈ ਕਿਸਮ ਦੀਆਂ ਸਮੱਸਿਆਵਾਂ 'ਚ ਘਿਰੇ ਹੋਏ ਹਨ। ਸਮੀਖਿਆ ਤੇ ਸੁਝਾਅ ਉਪਰੋਕਤ ਬਿਆਨ ਕੀਤੀ ਸਥਿਤੀ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਨਾ ਕੇਂਦਰ ਸਰਕਾਰ ਤੇ ਨਾ ਕਿਸੇ ਸੂਬਾ ਸਰਕਾਰ ਦੀ ਸਰਹੱਦੀ ਲੋਕਾਂ ਪ੍ਰਤੀ ਕੋਈ ਠੋਸ ਨੀਤੀ ਹੈ। ਅਫਸੋਸ ਦੀ ਗੱਲ ਇਹ ਹੈ ਕਿ ਕਸ਼ਮੀਰ ਦੇ ਵੱਖਵਾਦੀ ਸੰਗਠਨ ਅਤੇ ਲੋਕਾਂ ਵੱਲੋਂ ਚੁਣੀ ਹੋਈ ਸਰਕਾਰ ਸਰਹੱਦੀ ਇਲਾਕਿਆਂ ਦੀਆਂ ਸਮੱਸਿਆਵਾਂ ਨੂੰ ਨਹੀਂ ਸਮਝਦੇ। ਸਰਹੱਦੀ ਇਲਾਕੇ ਲਈ ਵਧੇਰੇ ਰੋਜ਼ਗਾਰ ਦੇ ਸਾਧਨ ਪੇਸ਼ ਕਰਨ ਨਾਲ ਖੇਤੀ ਵੰਨ-ਸੁਵੰਨਤਾ ਅਤੇ ਗੈਰ ਖੇਤੀ ਖੇਤਰ ਨੂੰ ਵਿਕਸਿਤ ਕਰਨ ਵਾਸਤੇ ਸਨਅਤੀ ਢਾਂਚੇ ਨੂੰ ਉਤਸ਼ਾਹਤ ਕਰਨ ਦੀ ਲੋੜ ਹੈ। ਸਰਹੱਦੀ ਇਲਾਕੇ ਦੇ ਬੱਚਿਆਂ ਨੂੰ ਮੁਢਲੀ ਅਤੇ ਉਚੇਰੀ ਵਿਦਿਆ ਦੇਣ ਲਈ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ। ਸਿਹਤ, ਸਿਖਿਆ ਅਤੇ ਸਾਫ-ਸੁਥਰੇ ਪਾਣੀ ਦੇ ਪ੍ਰਬੰਧ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਸਰਹੱਦੀ ਇਲਾਕਿਆਂ ਵਿੱਚ ਰਹਿਣ ਵਾਲੇ ਜੋ ਲੋਕ ਦੁਸ਼ਮਣ ਦੀ ਗੋਲਾਬਾਰੀ ਜਾਂ ਬਾਰੂਦੀ ਸੁਰੰਗਾਂ ਫਟਣ ਕਾਰਨ ਮਾਰੇ ਜਾਂਦੇ ਹਨ, ਉਨ੍ਹਾਂ ਨੂੰ 'ਸ਼ਹੀਦ' ਦਾ ਦਰਜਾ ਦੇਣ ਖਾਤਿਰ ਇੱਕ ਕੌਮੀ ਨੀਤੀ ਤੈਅ ਕਰਨ ਦੀ ਲੋੜ ਹੈ। ਲੱਦਾਖ ਸਕਾਊਟ ਵਾਂਗ ਸਰਹੱਦ ਸਕਾਊਟ ਬਟਾਲੀਅਨ ਖੜ੍ਹੀਆਂ ਕੀਤੀਆਂ ਜਾਣ, ਜਿਨ੍ਹਾਂ 'ਚ ਸਿਰਫ ਸਰਹੱਦੀ ਖੇਤਰ ਦੇ ਬੱਚੇ ਹੀ ਭਰਤੀ ਕੀਤੇ ਜਾਣ।

ਲਗਾਤਾਰ ਜੰਗ ਵਰਗੇ ਮਾਹੌਲ 'ਚ ਜੀਵਨ ਗੁਜ਼ਾਰਦੇ ਸਰਹੱਦੀ ਲੋਕਾਂ ਦੀ ਅਸੀਂ ਖੈਰ ਚਾਹੁੰਦੇ ਹਾਂ। ਇਹ ਤਦੇ ਸੰਭਵ ਹੈ, ਜੇ ਰਾਜਸੀ ਨੇਤਾ, ਸਰਕਾਰ ਤੇ ਘੁਮੰਡੀ ਅਫਸਰਸ਼ਾਹੀ ਨੇਕ ਇਰਾਦੇ ਨਾਲ ਬਿਨਾਂ ਪੱਖਪਾਤ ਦੇ ਕੌਮੀ ਨੀਤੀਆਂ ਅਤੇ ਕਾਨੂੰਨ ਨੂੰ ਇੰਨ-ਬਿੰਨ ਲਾਗੂ ਕਰਵਾਉਣ। ਇਸੇ ਵਿੱਚ ਦੇਸ਼, ਸਮਾਜ ਤੇ ਸਰਹੱਦੀ ਲੋਕਾਂ ਦੀ ਭਲਾਈ ਹੋਵੇਗੀ।

# ਪਹਿਲਾ ਪਹਿਲਾ ਪਿਆਰ

-ਪ੍ਰਵੇਸ਼ ਸ਼ਰਮਾ

ਮੈਟ੍ਰਿਕ ਤੱਕ ਨਿਰੋਲ ਮੁੰਡਿਆਂ ਵਾਲੇ ਸਕੂਲਾਂ ਵਿੱਚ ਤਾਲੀਮ ਹਾਸਲ ਕਰਨ ਕਰ ਕੇ ਦਿਲ ਵਿੱਚ ਇਸ ਤਸੱਵਰ ਨਾਲ ਹੀ ਜਜ਼ਬਾਤ ਦਾ ਇੱਕ ਤੂਫਾਨ ਜਿਹਾ ਉਠਦਾ ਸੀ ਕਿ ਹੁਣ ਸਾਡੀ ਕਲਾਸ ਵਿੱਚ ਕੁੜੀਆਂ ਵੀ ਹੋਣਗੀਆਂ। ਵਰਨਾ ਅਸੀਂ ਹਾਲੇ ਤੱਕ ਮੁੰਡੇ ਕੁੜੀਆਂ ਦੇ ਇੱਕੋ ਸਕੂਲ ਕਾਲਜ ਵਿੱਚ ਪੜ੍ਹਨ ਦਾ ਮੰਜ਼ਰ ਫਿਲਮਾਂ ਵਿੱਚ ਹੀ ਦੇਖਿਆ ਸੀ। ਰੀਲ ਵਾਲੀ ਅਤੇ ਰੀਅਲ ਜ਼ਿੰਦਗੀ ਵਿਚਲਾ ਪਾੜਾ ਉਦੋਂ ਦੇਖਣ ਨੂੰ ਮਿਲਿਆ ਜਦੋਂ ਸੁਨਾਮ ਦੇ ਸ਼ਹੀਦ ਊਧਮ ਸਿੰਘ ਕਾਲਜ 'ਚ ਦਾਖਲਾ ਲੈ ਕੇ ਪਹਿਲੇ ਦਿਨ ਕਲਾਸ ਵਿੱਚ ਗਏ। ਮੁੰਡੇ ਇੱਕ ਪਾਸੇ ਬੈਠੇ ਹੋਏ ਤੇ ਕੁੜੀਆਂ ਦੇ ਬੈਂਚ ਦੂਜੇ ਪਾਸੇ। ਕੁੜੀਆਂ ਦਾ ਕਾਮਨ ਰੂਮ ਵੀ ਵੱਖਰਾ। ਫਿਰ ਉਹੋ ਹੋਇਆ ਜੋ ਹੋਣਾ ਸੀ। ਪ੍ਰੈਪ ਦਾ ਸਾਰਾ ਸਾਲ ਸੰਗ ਸੰਕੋਚ ਵਿੱਚ ਲੰਘਾ ਦਿੱਤਾ।

ਅਗਲੇ ਸਾਲ ਬੀ ਏ ਭਾਗ ਪਹਿਲਾ ਵਿੱਚ ਇੱਕ ਅਜਿਹਾ ਚੋਣਵਾਂ ਵਿਸ਼ਾ ਲੈ ਲਿਆ, ਜਿਸ ਵਿੱਚ ਅਸੀਂ ਸਿਰਫ ਪੰਜ ਜਣੇ ਸੀ, ਤਿੰਨ ਮੁੰਡੇ ਅਤੇ ਦੋ ਕੁੜੀਆਂ। ਸਾਡੇ ਇਲਾਕੇ ਵਿੱਚ ਇੰਗਲਿਸ਼ ਲਿਟਰੇਚਰ ਵਾਲੇ ਵਿਦਿਆਰਥੀ ਉਨ੍ਹੀਂ ਦਿਨੀਂ ਬਹੁਤੇ ਨਹੀਂ ਸਨ ਹੋਇਆ ਕਰਦੇ, ਕਿਉਂਕਿ ਲਾਜ਼ਮੀ ਅੰਗਰੇਜ਼ੀ ਹੀ ਵਿਚਾਰੇ ਹੀ ਮੁਸ਼ਕਲ ਨਾਲ ਪਾਸ ਕਰਦੇ ਸਨ। ਸਾਡੇ ਲਈ ਇਹ ਚੋਣ ਇਸ ਗੱਲੋਂ ਵਰਦਾਨ ਸਾਬਿਤ ਹੋਈ ਕਿ ਛੋਟਾ ਗਰੁੱਪ ਹੋਣ ਕਾਰਨ ਦੋਵੇਂ ਕੁੜੀਆਂ ਨਾਲ ਥੋੜ੍ਹੀ ਬਹੁਤ ਗੱਲਬਾਤ ਹੋਣ ਲੱਗੀ।

ਸੱਤਰਵਿਆਂ ਦਾ ਪਹਿਲਾ ਦਹਾਕਾ ਖਾਸ ਤੌਰ 'ਤੇ ਮਾਰਕਸਵਾਦ ਦੀ ਚੜ੍ਹਤ ਦਾ ਸੀ। ਰੂਸ ਤੋਂ ਇਸ ਵਿਚਾਰਧਾਰਾ ਦੇ ਫੈਲਾਉ ਲਈ ਹਿੰਦੁਸਤਾਨ ਨੂੰ ਮਾਇਕ ਮਦਦ ਮਿਲਦੀ ਸੀ। ਸਾਡੇ ਕਾਲਜ ਵਿੱਚ ਰੂਸ ਦੇ ਇਨਕਲਾਬੀ ਸਾਹਿਤ ਦੀਆਂ ਨੁਮਾਇਸ਼ਾਂ ਲੱਗਦੀਆਂ। ਅੱਲ੍ਹੜ ਉਮਰ ਵਿੱਚ ਮਾਰਕਸ ਦਾ ਮਨ ਉਤੇ ਐਨਾ ਗਲਬਾ ਪਿਆ ਕਿ ਸਾਨੂੰ ਹਮੇਸ਼ਾ ਸਮਾਜਵਾਦ ਦੀ ਆਮਦ ਦੀਆਂ ਬਿੜਕਾਂ ਹੀ ਸੁਣਾਈ ਦਿੰਦੀਆਂ। ਇੱਕ ਪਾਸੇ ਉਮਰ ਦਾ ਤਕਾਜ਼ਾ ਅਤੇ ਦੂਜੇ ਪਾਸੇ ਕਾਮਰੇਡੀ ਜਨੂੰਨ। ਹਾਲਤ ਇਹ ਹੋ ਗਈ ਕਿ ਅਸੀਂ ਦੋ ਆਪਾ-ਵਿਰੋਧੀ ਤਾਕਤਾਂ ਦਰਮਿਆਨ ਫਸ ਕੇ ਰਹਿ ਗਏ। ਮਾਰਕਸ ਅਤੇ ਕਿਊਪਿਡ ਦਰਮਿਆਨ ਘਮਾਸਾਨ ਜੰਗ ਜਾਰੀ ਸੀ। ਜੋਸ਼ ਕਿਊਪਿਡ ਵੱਲ ਖਿੱਚਦਾ ਸੀ ਤੇ ਹੋਸ਼ ਮਾਰਕਸ ਵੱਲ। ਬਕੌਲ ਗਾਲਿਬ :

ਈਮਾਂ ਮੁਝੇ ਰੋਕੇ ਹੈ ਤੋ ਖੀਂਚੇ ਹੈ ਮੁਝੇ ਕੁਫ਼ਰ,
ਕਾਅਬਾ ਮੇਰੇ ਪੀਛੇ ਹੈ, ਕਲੀਸਾ ਮੇਰੇ ਆਗੇ।

ਲੇਕਿਨ ਜੋਸ਼ ਤੇ ਹੋਸ਼ ਦੀ ਇਸ ਜੰਗ ਦੌਰਾਨ ਵਿਚਾਰਾ ਕਿਊਪਿਡ, ਮਾਰਕਸ ਤੋਂ ਸ਼ਿਕਸਤ ਖਾ ਗਿਆ।

ਦਿਲ ਵਿੱਚ ਉਨ੍ਹਾਂ ਦੋਵਾਂ ਵਿੱਚੋਂ ਇੱਕ ਨਾਜ਼ਨੀਨ ਬਾਰੇ ਲੱਡੂ ਫੁੱਟਦੇ ਹੋਣ ਦੇ ਬਾਵਜੂਦ ਮੈਂ ਕਦੇ ਜਜ਼ਬਾਤ ਜ਼ਾਹਰ ਨਹੀਂ ਕਰ ਸਕਿਆ। ਉਨ੍ਹੀਂ ਦਿਨੀਂ ਮੈਂ ਦੇਖਣ ਪਾਖਣ ਨੂੰ ਯੂਸਫ ਤਾਂ ਨਹੀਂ ਸੀ, ਫਿਰ ਵੀ ਇਸ ਚਸ਼ਮਾ-ਬਰਦਾਰ ਚਿਹਰੇ 'ਤੇ ਕੁਝ ਤਾਂ ਰੌਣਕ ਜ਼ਰੂਰ ਹੋਵੇਗੀ ਕਿ ਉਹ ਸਰੂ-ਕੱਦ ਮੁਟਿਆਰ ਮੇਰੇ 'ਤੇ ਫਿਦਾ ਹੋ ਗਈ। ਉਂਜ ਸ਼ਕਲ ਸੂਰਤ ਤੋਂ ਉਹ ਬਿਲਕੁਲ ਸਾਧਾਰਨ ਸੀ, ਪਰ ਅੱਲ੍ਹੜ ਉਮਰ ਦੇ ਉਸ ਮਰਹਲੇ 'ਤੇ ਇਹ ਗੱਲ ਬੇਮਾਅਨੀ ਸੀ। ਭਾਵੁਕਤਾ ਭਾਰੂ ਸੀ ਅਤੇ ਭਾਵੁਕਤਾ ਵਿੱਚ ਦਿਲ, ਦਿਮਾਗ ਉਪਰ ਹਾਵੀ ਹੁੰਦਾ ਹੈ ਅਤੇ ਜਿਸਮ ਲਗਭਗ ਮਨਫੀ ਹੋ ਜਾਂਦੇ ਹਨ। ਬਕੌਲ ਸ਼ਾਇਰ :

ਮੇਰੀ ਜਾਂ, ਦਿਲ ਕੇ ਆਨੇ ਕੇ ਤਰੀਕੇ ਹੀ ਨਿਰਾਲੇ ਹੈਂ,
ਨਹੀਂ ਯੇ ਦੇਖਤੇ ਮਾਸ਼ੂਕ ਗੋਰੇ ਹੈਂ ਕਿ ਕਾਲੇ ਹੈਂ।

'ਦੋਨੋਂ ਤਰਫ ਹੈ ਆਗ ਬਰਾਬਰ ਲਗੀ ਹੁਈ' ਵਾਲੀ ਕੈਫੀਅਤ ਬਣੀ ਹੋਈ ਸੀ। ਕਦੇ ਵੀ ਮੈਂ ਆਪਣੀ ਭਾਵਨਾ ਨੂੰ ਸ਼ਬਦਾਂ ਦਾ ਲਿਬਾਸ ਨਾ ਪਹਿਨਾ ਸਕਿਆ, ਹਾਲਾਂਕਿ ਉਹ ਮੇਰੀ ਖਾਮੋਸ਼ੀ ਦੀ ਜ਼ੁਬਾਨ ਬਾਖੂਬੀ ਸਮਝਦੀ ਸੀ। ਇਸ ਹਾਲਤ ਨੂੰ ਮੁਹੰਮਦ ਇਕਬਾਲ ਨੇ ਬਾਖੂਬੀ ਨਿਭਾਇਆ ਹੈ :

ਨਹੀਂ ਮਿੰਨਤਕਸ਼-ਏ-ਤਾਬ-ਏ-ਸ਼ਨੀਦਨ ਦਾਸਤਾਂ ਮੇਰੀ,
ਖਾਮੋਸ਼ੀ ਗੁਫਤਗੂ ਹੈ, ਬੇਜ਼ਬਾਨੀ ਹੈ ਜ਼ਬਾਂ ਮੇਰੀ।

(ਮੇਰੀ ਹਾਲਤ ਕਿਸੇ ਨੂੰ ਕਹਿਣ ਸੁਣਨ ਦੀ ਮੁਥਾਜ ਨਹੀਂ। ਮੇਰੀ ਚੁੱਪ ਹੀ ਮੇਰੇ ਸ਼ਬਦ ਅਤੇ ਭਾਸ਼ਾ ਹਨ।)

ਲਿਹਾਜ਼ਾ ਬੀ ਏ ਵਾਲੇ ਤਿੰਨ ਸਾਲ ਇਉਂ ਹੀ ਗੁਜ਼ਰ ਗਏ। ਹੁਣ ਦੇਖੋ ਬੀ ਏ ਭਾਗ ਤੀਜਾ ਤੇ ਆਖਰੀ ਪੇਪਰ ਵਾਲਾ ਦਿਨ। ਮੈਂ ਅਤੇ ਉਹ ਇਮਤਿਹਾਨ ਖਤਮ ਹੋਣ ਉਪਰੰਤ ਇਕੱਠੇ ਜਾ ਰਹੇ ਹਾਂ। ''ਦੇਖੋ, ਕੁੜੀਆਂ ਚਾਰ ਸਾਲ ਮੈਨੂੰ ਤੁਹਾਡਾ ਨਾਂਅ ਲੈ ਲੈ ਕੇ ਛੇੜਦੀਆਂ ਰਹੀਆਂ। ਮੈਂ ਚੁੱਪ ਰਹੀ, ਪਰ ਅੱਜ ਤੋਂ ਬਾਅਦ ਪਤਾ ਨਹੀਂ ਕਦੋਂ ਮਿਲਣਾ ਹੈ ਜਾਂ ਮਿਲਣਾ ਵੀ ਹੈ ਕਿ ਨਹੀਂ। ਘੱਟੋ ਘੱਟ ਹੁਣ ਦੱਸ ਦਿਓ ਆਪਣੇ ਦਿਲ ਦੀ ਗੱਲ।''

ਉਸ ਨੇ ਨੀਵੀਂ ਜਿਹੀ ਪਾ ਕੇ ਮੈਥੋਂ 'ਲਵ ਯੂ ਟੂ' ਵਰਗਾ ਕੁਝ ਸੁਣਨਾ ਚਾਹਿਆ।

''ਦੇਖੋ, ਇਹ ਗੱਲਾਂ ਬੁਰਜੂਆ ਜਮਾਤ ਨੂੰ ਫਿੱਟ ਬੈਠਦੀਆਂ ਨੇ, ਆਪਣੇ ਵਰਗੇ ਪ੍ਰੋਲਤਾਰੀਆਂ ਨੂੰ ਨਹੀਂ'', ਮੇਰੇ ਅੰਦਰਲਾ ਕਾਮਰੇਡ ਬੋਲਿਆ, ''ਇਹ ਤਾਂ ਆਪਣਾ ਪੜ੍ਹ ਲਿਖ ਕੇ ਜ਼ਿੰਦਗੀ ਬਣਾਉਣ ਦਾ ਸਮਾਂ ਹੈ। ਇਨ੍ਹਾਂ ਗੱਲਾਂ ਲਈ ਹਾਲੇ ਇੰਤਜ਼ਾਰ ਕਰਨਾ ਹੀ ਮੁਨਾਸਿਬ ਹੋਵੇਗਾ। ਗ਼ਮ ਔਰ ਭੀ ਹੈਂ ਮੁਝ ਕੋ ਗ਼ਮ-ਏ-ਆਸ਼ਿਕੀ ਸੇ ਪਹਿਲੇ।''

ਇਹ ਸੁਣ ਕੇ ਉਸ ਨੇ ਮੌਕੇ 'ਤੇ ਮੇਰੀ ਵਿਦਵਤਾ ਤੋਂ ਪ੍ਰਭਾਵਤ ਹੋਣ ਦਾ ਅਭਿਨੈ ਕੀਤਾ ਅਤੇ ਕੁਝ ਮਿੰਟਾਂ ਬਾਅਦ ਹੀ ਇੱਕ ਅਜਿਹਾ ਮੋੜ ਆਇਆ ਜਿੱਥੋਂ ਸਾਡੇ ਰਸਤੇ ਜੁਦਾ ਜੁਦਾ ਹੋ ਜਾਣੇ ਸਨ। ਸੱਚਮੁੱਚ ਹੀ ਸਾਡੇ ਰਸਤੇ ਉਸ ਮੋੜ 'ਤੇ ਆ ਕੇ ਅਜਿਹੇ ਜੁਦਾ ਹੋਏ ਕਿ ਮੁੜ ਕੇ ਕਦੇ ਵੀ ਨਾ ਮਿਲ ਸਕੇ।

## ਬਿਊਟੀ ਟਿਪਸ ਚਿਹਰੇ ਉਤੇ ਵੈਕਸਿੰਗ ਕਿੰਨੀ ਸਹੀ

ਚਿਹਰੇ 'ਤੇ ਵੈਕਸਿੰਗ : ਬਿਊਟੀ ਐਕਸਪਰਟ ਦੀ ਮੰਨੀਏ ਤਾਂ ਵਾਰ-ਵਾਰ ਵੈਕਸਿੰਗ ਕਰਵਾਉਣ ਨਾਲ ਵਾਲ ਵਧਣ ਦੀ ਰਫਤਾਰ ਵੀ ਘੱਟ ਜਾਂਦੀ ਹੈ, ਪਰ ਇਹ ਬਹੁਤ ਦਰਦ ਵਾਲਾ ਹੁੰਦਾ ਹੈ ਕਿਉਂਕਿ ਇਸ ਵਿੱਚ ਚਮੜੀ 'ਤੇ ਵੈਕਸ ਲਾ ਕੇ ਉਸ ਨੂੰ ਇੱਕ ਸਟ੍ਰਿਪ ਨਾਲ ਢੱਕਿਆ ਜਾਂਦਾ ਹੈ ਤੇ ਕੁਝ ਦੇਰ ਬਾਅਦ ਉਸ ਸਟ੍ਰਿਪ ਨੂੰ ਵਾਲਾਂ ਦੇ ਵਧਣ ਦੀ ਉਲਟੀ ਦਿਸ਼ਾ ਵਿੱਚ ਜ਼ੋਰ ਨਾਲ ਖਿੱਚਿਆ ਜਾਂਦਾ ਹੈ, ਜਿਸ ਨਾਲ ਸਾਰੇ ਵਾਲ ਜੜ੍ਹ ਸਮੇਤ ਬਾਹਰ ਆ ਜਾਂਦੇ ਹਨ।



ਕਿਹੜੀਆਂ ਔਰਤਾਂ ਲਈ ਸਹੀ ਹੈ ਵੈਕਸਿੰਗ : ਜਿਨ੍ਹਾਂ ਲੋਕਾਂ ਦੇ ਚਿਹਰੇ 'ਤੇ ਬਹੁਤ ਜ਼ਿਆਦਾ ਵਾਲ ਹੋਣ, ਉਨ੍ਹਾਂ ਲਈ ਵੈਕਸਿੰਗ ਕਰਨਾ ਚੰਗਾ ਬਦਲ ਹੈ, ਕਿਉਂਕਿ ਉਨ੍ਹਾਂ ਲਈ ਥ੍ਰੈਡਿੰਗ ਬਹੁਤ ਸਮਾਂ ਲੈਣ ਵਾਲੀ ਸਿੱਧ ਹੋ ਸਕਦੀ ਹੈ। ਵੈਕਸਿੰਗ ਨਾਲ ਵਾਲ ਜੜ੍ਹੋਂ ਵੱਖ ਹੋ ਜਾਂਦੇ ਹਨ, ਜਿਸ ਤੋਂ ਬਾਅਦ ਚਮੜੀ ਮੁਲਾਇਮ ਤੇ ਚਮਕਦੀ ਹੈ। ਸਭ ਤੋਂ ਵੱਡੀ ਗੱਲ ਇਸ ਦਾ ਅਸਰ ਵੀ ਕਾਫੀ ਲੰਬੇ ਸਮੇਂ ਤੱਕ ਰਹਿੰਦਾ ਹੈ।

ਚਿਹਰੇ 'ਤੇ ਵੈਕਸਿੰਗ : ਰੈਗੂਲਰ ਵਕਫੇ 'ਤੇ ਵੈਕਸਿੰਗ ਕਰਾਉਣ ਨਾਲ ਚਿਹਰੇ 'ਤੇ ਮੌਜੂਦ ਦਾਗ-ਧੱਬਿਆਂ ਆਦਿ ਦੇ ਨਿਸ਼ਾਨਾ ਨੂੰ ਦੂਰ ਕੀਤਾ ਜਾ ਸਕਦਾ ਹੈ। ਉਂਝ ਵੀ ਲੇਜ਼ਰ ਤੇ ਐਲਕਟ੍ਰੋਲਿਸਿਸ ਦੇ ਮੁਕਾਬਲੇ ਇਹ ਕਾਫੀ ਸਸਤਾ ਹੈ, ਜਿਸ ਦੇ ਨਤੀਜੇ ਵੀ ਚੰਗੇ ਹੁੰਦੇ ਹਨ।

ਵੈਕਸਿੰਗ ਦਾ ਅਸਰ : ਪੂਰੇ ਚਿਹਰੇ ਦੀ ਵੈਕਸਿੰਗ ਵਿੱਚ ਕਾਫੀ ਦਰਦ ਹੁੰਦਾ ਹੈ ਤੇ ਕਈ ਵਾਰ ਵੈਕਸਿੰਗ ਤੋਂ ਬਾਅਦ ਲਾਲਗੀ ਆ ਜਾਂਦੀ ਹੈ। ਉਂਝ ਵੀ ਵੈਕਸ 'ਚ ਕਈ ਕੈਮੀਕਲਸ ਦੀ ਵਰਤੋਂ ਕੀਤੀ ਜਾਂਦੀ ਹੈ, ਜਿਨ੍ਹਾਂ ਕਾਰਨ ਸਕਿਨ 'ਚ ਇਨਫੈਕਸ਼ਨ ਹੋਣ ਦਾ ਖਤਰਾ ਕਾਫੀ ਵਧ ਜਾਂਦਾ ਹੈ। ਇਸ ਤੋਂ ਇਲਾਵਾ ਵੈਕਸਿੰਗ ਨਾਲ ਚਮੜੀ ਪਤਲੀ ਹੋਣ ਲੱਗਦੀ ਹੈ, ਜਿਸ ਕਾਰਨ ਚਮੜੀ 'ਤੇ ਬਲੱਡ ਪੈਚਿਸ ਦਿਸਣ ਲੱਗਦੇ ਹਨ। ਜੇ ਆਇਲੀ ਸਕਿਨ 'ਤੇ ਵੈਕਸਿੰਗ ਕੀਤੀ ਜਾਵੇ ਤਾਂ ਵੈਕਸਿੰਗ ਤੋਂ ਬਾਅਦ ਪਿੰਪਲਸ ਤੇ ਰੈਸ਼ਿਜ਼ ਦੀ ਸਮੱਸਿਆ ਵਧ ਜਾਂਦੀ ਹੈ। ਕਈ ਵਾਰ ਸਕਿਨ ਦੇ ਰੰਗ 'ਚ ਫਰਕ ਆਉਣ ਲੱਗਦਾ ਹੈ। ਵੈਕਸਿੰਗ ਕਰਵਾਉਣ ਤੋਂ ਬਾਅਦ ਘੱਟੋ-ਘੱਟ 24 ਘੰਟਿਆਂ ਤੱਕ ਬਾਹਰ ਧੁੱਪ ਵਿੱਚ ਨਹੀਂ ਜਾਣਾ ਚਾਹੀਦਾ।

ਸਾਵਧਾਨੀਆਂ

ਇਹ ਤਾਂ ਸਪੱਸ਼ਟ ਹੈ ਕਿ ਚਮੜੀ 'ਤੇ ਵੈਕਸਿੰਗ ਕਰਵਾਉਣਾ ਸਕਿਨ ਲਈ ਨੁਕਸਾਨਦਾਇਕ ਹੁੰਦਾ ਹੈ, ਪਰ ਕੁਝ ਸਾਵਧਾਨੀਆਂ ਵਰਤ ਕੇ ਕੁਝ ਹੱਦ ਤੱਕ ਇਨ੍ਹਾਂ ਸਮੱਸਿਆਵਾਂ ਨੂੰ ਘੱਟ ਕੀਤਾ ਜਾ ਸਕਦਾ ਹੈ।

ਵੈਕਸਿੰਗ ਕਰਨ ਤੋਂ ਪਹਿਲਾਂ ਕੂਹਣੀ 'ਤੇ ਵੀ ਵੈਕਸਿੰਗ ਕਰਵਾ ਕੇ ਪੈਚ ਟੈਸਟ ਕਰਨਾ ਨਾ ਭੁੱਲੋ।

## ਹਲਕਾ ਫੁਲਕਾ



ਸੁਨੀਲ, ''ਆਦਮੀ ਵਿਆਹ ਤੋਂ ਬਾਅਦ ਵੀ ਵਿਦਿਆਰਥੀ ਰਹਿੰਦਾ ਹੈ।''
ਅਨਿਲ, ''ਉਹ ਕਿਵੇਂ?''
ਸੁਨੀਲ, ''ਘਰ ਵਾਲੀ ਨੂੰ ਲੱਗਦਾ ਹੈ ਕਿ ਮਾਂ ਸਿਖਾ ਰਹੀ ਹੈ ਤੇ ਮਾਂ ਨੂੰ ਲੱਗਦਾ ਹੈ ਕਿ ਘਰਵਾਲੀ ਸਿਖਾ ਰਹੀ ਹੈ।''

********

ਜੁਗਲ, ''ਨੌਕਰੀ ਵੀ ਘਰ ਵਾਲੀ ਵਰਗੀ ਹੁੰਦੀ ਹੈ।''
ਗਗਨ, ''ਉਹ ਕਿਵੇਂ?''
ਜੁਗਲ, ''ਜੋ ਇੱਕ ਵਾਰ ਮਿਲਣ ਤੋਂ ਬਾਅਦ ਛੱਡ ਨਹੀਂ ਸਕਦੇ, ਇੱਕ ਹੁੰਦੇ ਹੋਏ ਵੀ ਦੂਜੀ ਨਹੀਂ ਕਰ ਸਕਦੇ ਅਤੇ ਇੱਕ ਖਾਸ ਗੱਲ, ਉਸ ਨੂੰ ਛੱਡ ਕੇ ਬਾਕੀ ਸਾਰਿਆਂ ਦੀਆਂ ਚੰਗੀਆਂ ਲੱਗਦੀਆਂ ਹਨ।''

********

ਮਹਿੰਦਰ, ''ਮੈਂ ਤੀਰਥ ਯਾਤਰਾ 'ਤੇ ਜਾ ਰਿਹਾ ਹਾਂ। ਸੋਚਦਾ ਹਾਂ ਦਾਰੂ ਛੱਡ ਦੇਵਾਂ।''
ਸੁਰਿੰਦਰ, ''ਇਹ ਤਾਂ ਬੜੀ ਚੰਗੀ ਗੱਲ ਹੈ, ਇਸ ਵਿੱਚ ਦਿੱਕਤ ਕੀ ਹੈ?''
ਮਹਿੰਦਰ, ''...ਪਰ ਕਿਸ ਦੇ ਭਰੋਸੇ ਛੱਡਾਂ, ਸਾਰੇ ਦੋਸਤ ਕਮੀਨੇ ਹਨ, ਸਾਲੇ ਪੀ ਜਾਣਗੇ।''

********

ਜੁਗਲ, ''ਨੌਕਰੀ ਵੀ ਘਰ ਵਾਲੀ ਵਰਗੀ ਹੁੰਦੀ ਹੈ।''
ਗਗਨ, ''ਉਹ ਕਿਵੇਂ?''
ਜੁਗਲ, ''ਜੋ ਇੱਕ ਵਾਰ ਮਿਲਣ ਤੋਂ ਬਾਅਦ ਛੱਡ ਨਹੀਂ ਸਕਦੇ, ਇੱਕ ਹੁੰਦੇ ਹੋਏ ਵੀ ਦੂਜੀ ਨਹੀਂ ਕਰ ਸਕਦੇ ਅਤੇ ਇੱਕ ਖਾਸ ਗੱਲ, ਉਸ ਨੂੰ ਛੱਡ ਕੇ ਬਾਕੀ ਸਾਰਿਆਂ ਦੀਆਂ ਚੰਗੀਆਂ ਲੱਗਦੀਆਂ ਹਨ।''

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
Photo Not Available
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$969,900
Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

FOR SALE
$799,900
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# 'ਦੇ ਦੇ ਪਿਆਰ' ਵਿੱਚ ਤੱਬੂ ਦਾ ਅਲੱਗ ਰੋਲ



ਬਾਲੀਵੁੱਡ ਤੇ ਰਾਸ਼ਟਰੀ ਐਵਾਰਡ ਵਾਲੀ ਅਭਿਨੇਤਰੀ ਤੱਬੂ ਅੱਜ ਕੱਲ੍ਹ ਘੱਟ ਹੀ ਫਿਲਮਾਂ ਕਰਦੀ ਹੈ, ਪਰ ਉਨ੍ਹਾਂ ਦੀ ਚੋਣ ਸ਼ਾਨਦਾਰ ਹੈ। ਇਸ ਵਾਰ ਵੀ ਉਹ ਅਜੈ ਦੇਵਗਨ ਦੇ ਨਾਲ ਫਿਲਮ 'ਦੇ ਦੇ ਪਿਆਰ ਦੇ' ਵਿੱਚ ਦਿਖਾਈ ਦੇਵੇਗੀ, ਜਿਸ ਦੇ ਬਾਰੇ ਵਿੱਚ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਫਿਲਮ ਕੇਵਲ ਰਾਮਕਾਮ ਨਹੀਂ ਹੈ।

ਤੱਬੂ ਨੇ ਦੱਸਿਆ, "ਇਸ ਫਿਲਮ ਵਿੱਚ ਮੈਂ ਜੋ ਕਿਰਦਾਰ ਨਿਭਾਇਆ ਹੈ, ਉਹ ਪਹਿਲਾਂ ਕਦੇ ਨਹੀਂ ਨਿਭਾਇਆ। ਇਸ ਦੀ ਕਹਾਣੀ ਕਾਫੀ ਅਲੱਗ ਹੈ ਤੇ ਫਿਲਮ ਅਨੋਖੇ ਸੰਬੰਧਾਂ ਦੀ ਗੱਲ ਕਰਦੀ ਹੈ। ਇਹ ਬੜੇ ਹਲਕੇ ਫੁਲਕੇ ਅੰਦਾਜ਼ ਵਿੱਚ ਆਪਣੀ ਕਹਾਣੀ ਕਹਿੰਦੀ ਹੈ ਅਤੇ ਨਾਲ ਹੀ ਕਾਮੇਡੀ ਦਾ ਤੜਕਾ ਇਸ ਫਿਲਮ ਨੂੰ ਖਾਸ ਬਣਾਉਂਦਾ ਹੈ।" ਤੱਬੂ ਨੇ ਦੱਸਿਆ, "ਇਸ ਫਿਲਮ ਵਿੱਚ ਦਿਖਾਇਆ ਗਿਆ ਹੈ ਕਿ ਕਿਵੇਂ ਅਲੱਗ ਅਲੱਗ ਉਮਰ ਦੇ ਲੋਕ ਆਪਣੀ ਜ਼ਿੰਦਗੀ ਨੂੰ ਆਪਣੇ ਤਰੀਕੇ ਨਾਲ ਹੈਂਡਲ ਕਰਦੇ ਹਨ। ਇਹ ਕਹਾਣੀ ਉਨ੍ਹਾਂ ਲੋਕਾਂ ਨਾਲ ਜ਼ਿਆਦਾ ਜੁੜਦੀ ਹੈ, ਜੋ ਆਪਣੇ ਜੀਵਨ ਵਿੱਚ ਹਰ ਦਿਨ ਇੱਕੋ ਜਿਹੀ ਸਥਿਤੀ ਸਾਹਮਣਾ ਕਰਦੇ ਹਨ।" ਫਿਲਮ ਵਿੱਚ ਰਕੁਲ ਪ੍ਰੀਤ ਸਿੰਘ ਵੀ ਹੈ। ਇਹ 17 ਮਈ ਨੂੰ ਰਿਲੀਜ਼ ਹੋਵੇਗੀ।

# ਫਿਲਮਾਂ ਮਨੋਰੰਜਨ ਲਈ ਹਨ: ਤਾਰਾ ਅਲੀਸ਼ਾ ਬੇਰੀ



ਇਨ੍ਹੀਂ ਦਿਨੀਂ ਆਉਣ ਵਾਲੀ ਫਿਲਮ 'ਮਰੂਧਰ ਐਕਸਪ੍ਰੈਸ' ਦੀ ਚਰਚਾ ਹੈ। ਇਸ ਵਿੱਚ ਕੁਣਾਲ ਰਾਏ ਕਪੂਰ ਅਤੇ ਤਾਰਾ ਅਲੀਸ਼ਾ ਬੇਰੀ ਮੁੱਖ ਭੂਮਿਕਾਵਾਂ 'ਚ ਹਨ। ਪੇਸ਼ ਹਨ ਤਾਰਾ ਨਾਲ ਇੱਕ ਗੱਲਬਾਤ ਦੇ ਮੁੱਖ ਅੰਸ਼ :

* ਫਿਲਮ 'ਮਰੂਧਰ ਐਕਸਪ੍ਰੈਸ' ਵਿੱਚ ਆਪਣੇ ਕਿਰਦਾਰ ਬਾਰੇ ਦੱਸੋ?

- ਮੈਂ ਇਸ ਫਿਲਮ 'ਚ ਚਿਤਰਾ ਨਾਂਅ ਦੀ ਇੱਕ ਕੁੜੀ ਦਾ ਕਿਰਦਾਰ ਕਰ ਰਹੀ ਹਾਂ, ਜੋ ਲਖਨਵੀ ਬਿਊਟੀਸ਼ਨ ਹੈ। ਉਹ ਇੱਕ ਛੋਟੇ ਸ਼ਹਿਰ ਦੀ ਰਹਿਣ ਵਾਲੀ ਕੁੜੀ ਹੈ, ਪਰ ਓਮਨ ਮਾਈਂਡਿਡ ਹੈ।

* ਕੁਣਾਲ ਰਾਏ ਕਪੂਰ ਨਾਲ ਕੰਮ ਕਰਨ ਦਾ ਕੀ ਤਜਰਬਾ ਰਿਹਾ?

- ਬਹੁਤ ਚੰਗਾ ਰਿਹਾ। ਉਨ੍ਹਾਂ ਨਾਲ ਕੰਮ ਕਰ ਕੇ ਮੈਨੂੰ ਬਹੁਤ ਮਜ਼ਾ ਆਇਆ। ਅਸੀਂ ਬਹੁਤ ਚੰਗੇ ਦੋਸਤ ਬਣ ਗਏ। ਅਸੀਂ ਸੈਟ 'ਤੇ ਕਾਮੇਡੀ ਕਰਦੇ ਰਹਿੰਦੇ ਸੀ। ਆਸ ਕਰਦੀ ਹਾਂ ਕਿ ਮੈਨੂੰ ਫਿਰ ਕੋਈ ਫਿਲਮ ਮਿਲੇ ਉਨ੍ਹਾਂ ਨਾਲ ਕੰਮ ਕਰਨ ਲਈ।

* ਫਿਲਮ ਦਾ ਇੱਕ ਆਈਟਮ ਸੌਂਗ 'ਬਲਮਾ ਐਸਾ ਨਾ ਨਿਕਲੇ' ਇਨ੍ਹੀਂ ਦਿਨੀਂ ਧੂਮ ਮਚਾ ਰਿਹਾ ਹੈ। ਕੀ ਕਹਿਣਾ ਚਾਹੋਗੇ?

- ਮੈਂ ਬਹੁਤ ਲੱਕੀ ਹਾਂ, ਜੋ ਇਸ ਦਾ ਹਿੱਸਾ ਬਣੀ ਹਾਂ। ਇਸ ਦਾ ਆਈਟਮ ਸੌਂਗ ਬਿਲਕੁਲ ਕਾਨਪੁਰੀਆ ਅੰਦਾਜ਼ 'ਚ ਮੇਰੇ 'ਤੇ ਫਿਲਮਾਇਆ ਗਿਆ ਹੈ, ਜੋ ਦਰਸ਼ਕਾਂ ਨੂੰ ਬਹੁਤ ਲੁਭਾ ਰਿਹਾ ਹੈ। ਇਹ ਮੇਰੇ ਲਈ ਬਹੁਤ ਸੁਖਦਾਇਕ ਅਹਿਸਾਸ ਹੈ।

* ਤੁਸੀਂ ਕਰੀਅਰ ਦੇ ਸ਼ੁਰੂ 'ਮਸਤਰਾਮ' ਵਰਗੀ ਫਿਲਮ ਨਾਲ ਕੀਤੀ। ਅੱਗੋਂ ਦੀ ਫਿਲਮ ਯਾਤਰਾ ਨੂੰ ਕਿਵੇਂ ਦੇਖਦੇ ਹੋ?

- ਮੈਂ ਸਾਊਥ ਦੀਆਂ ਫਿਲਮਾਂ ਨਾਲ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਹਿੰਦੀ 'ਚ 'ਮਸਤਰਾਮ' ਮੇਰੀ ਪਹਿਲੀ ਫਿਲਮ ਸੀ। ਉਸ ਤੋਂ ਬਾਅਦ 'ਚੋਖੇਰ ਬਾਲੀ' ਵੀ ਚਰਚਾ 'ਚ ਰਹੀ। ਹਿੰਦੀ ਅਤੇ ਸਾਊਥ ਨੂੰ ਮਿਲਾ ਕੇ ਤਕਰੀਬਨ ਦਰਜਨਾਂ ਫਿਲਮਾਂ ਕਰ ਚੁੱਕੀ ਹਾਂ। ਲਗਾਤਾਰ ਕੰਮ ਮਿਲ ਰਿਹਾ ਹੈ। ਮੈਨੂੰ ਖੁਸ਼ੀ ਹੈ।

* ਵੈੱਬ ਸੀਰੀਜ਼ 'ਚ ਵਧਦੀ ਅਸ਼ਲੀਲਤਾ ਬਾਰੇ ਤੁਸੀਂ ਕੀ ਕਹੋਗੇ?

- ਪਿਛਲੇ ਦਿਨੀਂ ਮੇਰੀ ਵੈੱਬ ਸੀਰੀਜ਼ 'ਲਵ ਲਸਟ ਐਂਡ ਕੰਫਿਊਜ਼ਨ' ਰਿਲੀਜ਼ ਹੋਈ। ਬਹੁਤ ਜਲਦੀ ਮੇਰੀ ਇੱਕ ਹੋਰ ਸੀਰੀਜ਼ ਆਉਣ ਵਾਲੀ ਹੈ। ਰਹੀ ਗੱਲ ਅਸ਼ਲੀਲਤਾ ਦੀ, ਤਾਂ ਜਿਸ ਨੂੰ ਜੋ ਦੇਖਣਾ ਹੈ ਉਹ ਦੇਖੇਗਾ। ਫਿਲਮਾਂ ਮਨੋਰੰਜਨ ਲਈ ਬਣਦੀਆਂ ਹਨ ਨਾ ਕਿ ਸਿਖਿਆ ਦੇਣ ਲਈ।

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648









